# ਪ੍ਰਸ਼ਨ ਬੈਂਕ
# ਜਮਾਤ – ਅੱਠਵੀਂ (ਸਮਾਜਿਕ ਸਿੱਖਿਆ)

ਪਿਆਰੇ ਵਿਦਿਆਰਥੀਓ, ਇਸ ਪ੍ਰਸ਼ਨ ਬੈਂਕ ਰਾਹੀਂ ਅਸੀਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਮਾਜਿਕ ਸਿੱਖਿਆ ਵਿਸ਼ੇ ਦੇ ਪ.ਸ.ਸ.ਬ. ਮੁਹਾਲੀ ਦੇ ਸਿਲੇਬਸ ਅਨੁਸਾਰ ਬਣਦੇ ਪ੍ਰਸ਼ਨ ਲਿਖੇ ਹਨ। ਇਹ ਪ੍ਰਸ਼ਨ ਜਿੱਥੇ ਤੁਹਾਡੇ ਗਿਆਨ ਵਿੱਚ ਵਾਧਾ ਕਰਨਗੇ, ਉੱਥੇ ਤੁਹਾਨੂੰ ਬੋਰਡ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵੀ ਤਿਆਰ ਕਰਨ ਵਿੱਚ ਸਹਾਇਕ ਹੋਣਗੇ। ਤੁਹਾਡੀਆਂ ਅਭਿਆਸ ਪੁਸਤਕਾਂ ਵਿੱਚ ਪਹਿਲਾਂ ਹੀ ਅਭਿਆਸੀ ਪ੍ਰਸ਼ਨ ਦਿੱਤੇ ਗਏ ਹਨ, ਉਹਨਾਂ ਦੇ ਨਾਲ-ਨਾਲ ਹੋਰ ਵੀ ਪ੍ਰਸ਼ਨ ਲਿਖੇ ਹਨ। ਸਾਨੂੰ ਉਮੀਦ ਹੈ ਕਿ ਇਹਨਾਂ ਪ੍ਰਸ਼ਨਾਂ ਦਾ ਤੁਹਾਨੂੰ ਪੂਰਾ ਲਾਭ ਹੋਵੇਗਾ ਤੇ ਭਵਿੱਖ ਵਿੱਚ ਤੁਸੀਂ ਤਰੱਕੀ ਦੇ ਰਾਹ ਤੇ ਜਾਉਗੇ ਅਤੇ ਆਪਣੀ ਮੰਜ਼ਿਲ ਪ੍ਰਾਪਤ ਕਰ ਲਵੋਗੇ। ਕਿਸੇ ਵੀ ਸੁਝਾਓ ਜਾਂ ਪੁੱਛਗਿੱਛ ਲਈ ਹੇਠ ਲਿਖੇ ਵਿਸ਼ਾ ਮਾਹਿਰ ਅਧਿਆਪਕਾਂ ਨਾਲ ਗੱਲ ਕੀਤੀ ਜਾ ਸਕਦੀ ਹੈ।


**ਸ੍ਰੀਮਤੀ ਕਰਮਜੀਤ ਕੌਰ ਬਾਠ**
ਵਿਸ਼ਾ ਮਾਹਿਰ ਜੌਗਰਫੀ
ਪੰਜਾਬ ਐਜੂਸੈਟ ਸੁਸਾਇਟੀ
ਅਜੀਤਗੜ੍ਹ।
ਮੋ: 98882●5947

**ਸ੍ਰੀਮਤੀ ਯਾਸਮੀਨ**
ਲੈਕਚਰਾਰ ਜੌਗਰਫੀ
ਸ.ਸ.ਸ.ਸ. ਲੋਧੀਮਾਜਰਾ
ਜਿਲ੍ਹਾ ਰੋਪੜ
ਮੋ: 9814877386

**ਸ੍ਰੀਮਤੀ ਹਰਜਿੰਦਰ ਕੌਰ ਗਿੱਲ**
ਲੈਕਚਰਾਰ ਜੌਗਰਫੀ
ਸ.ਸ.ਸ.ਸ. ਸਕਰੂਲਾਪੁਰ
ਜਿਲ੍ਹਾ ਮੁਹਾਲੀ
ਮੋ: 94649●2272

**ਸ੍ਰੀ ਅਬਦੁਰ ਰਸ਼ੀਦ ਹਾਂਡਾ**
ਲੈਕਚਰਾਰ ਜੌਗਰਫੀ
ਸ.ਸ.ਸ.ਸ. ਬਾਘਾਪੁਰਾਣਾ
ਜਿਲ੍ਹਾ ਮੋਗਾ
ਮੋ: 9878623968

**ਡਾ. ਭੁਪਿੰਦਰਪਾਲ ਸਿੰਘ**
ਵਿਸ਼ਾ ਮਾਹਿਰ (ਹਿਸਟਰੀ)
ਪੰਜਾਬ ਐਜੂਸੈਟ ਸੁਸਾਇਟੀ
ਅਜੀਤਗੜ੍ਹ।
ਮੋ: 98141255●8

**ਸ੍ਰੀਮਤੀ ਅਨਿਲ**
ਲੈਕਚਰਾਰ ਹਿਸਟਰੀ
ਸ.ਕ.ਸ.ਸ.ਸ. ਸੋਹਾਣਾ
ਜਿਲ੍ਹਾ-ਅਜੀਤਗੜ੍ਹ
ਮੋ: 978●14249●

**ਸ੍ਰੀਮਤੀ ਦਵਿੰਦਰ ਕੌਰ**
ਲੈਕਚਰਾਰ ਹਿਸਟਰੀ
ਸ.ਸ.ਸ.ਸ. ਸਹੋੜਾਂ
ਜਿਲ੍ਹਾ-ਅਜੀਤਗੜ੍ਹ
ਮੋ: 98141255●8

**ਸ੍ਰੀਮਤੀ ਪਰਮਜੀਤ ਕੋਰ**
ਸ.ਸ.ਮਿਸਟੈਸ
ਸ.ਹ.ਸ. ਦੱਪਰ
ਜਿਲ੍ਹਾ-ਅਜੀਤਗੜ੍ਹ
ਮੋ: 9779912●87

**ਸ੍ਰੀਮਤੀ ਹਰਮਿੰਦਰ ਕੌਰ**
ਲੈਕਚਰਾਰ ਰਾਜਨੀਤੀ ਸ਼ਾਸਤਰ
ਸ.ਸ.ਸ. ਸਕੂਲ ਮਨੌਲੀ
ਜਿਲ੍ਹਾ ਅਜੀਤਗੜ੍ਹ
ਮੋ: 95●1●24722

**ਸ੍ਰੀਮਤੀ ਪ੍ਰਕਾਸ਼ ਕੁਮਾਰੀ**
ਲੈਕਚਰਾਰ ਰਾਜਨੀਤੀ ਸ਼ਾਸਤਰ
ਸ.ਮਾਡਲ ਸ.ਸ. ਸਕੂਲ
3ਬੀ1, ਅਜੀਤਗੜ੍ਹ
ਮੋ: 9914●51896

**ਸ੍ਰੀਮਤੀ ਮੋਹਣੀ ਦੁੱਗ**
ਲੈਕਚਰਾਰ ਰਾਜਨੀਤੀ ਸ਼ਾਸਤਰ
ਸਰਦਾਰ ਬਲਦੇਵ ਸਿੰਘ
ਸ.ਸ.ਸਕੂਲ ਮਜਾਤੜੀ
ਜਿਲ੍ਹਾ ਅਜੀਤਗੜ੍ਹ
ਮੋ: 9463867677

# ਜਮਾਤ : ਅੱਠਵੀਂ

# ਸਮਾਜਿਕ ਸਿੱਖਿਆ

## ਭਾਗ (ੳ) – ਭੂਗੋਲ

## ਸਾਧਨ – ਕਿਸਮਾਂ ਅਤੇ ਸਾਂਭ ਸੰਭਾਲ

**2●–25 ਸ਼ਬਦਾਂ ਵਾਲੇ ਪ੍ਰਸ਼ਨ**

1. ਸਾਧਨ ਕਿਸ ਨੂੰ ਆਖਦੇ ਹਨ?
2. ਭੌਤਿਕ ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ?
3. ਮਨੁੱਖੀ ਸਾਧਨ ਕੀ ਹੁੰਦੇ ਹਨ?
4. ਸਾਧਨਾਂ ਦੀਆਂ ਕਿਸਮਾਂ ਲਿਖੋ?
5. ਮਿੱਟੀ ਅਤੇ ਭੂਮੀ ਵਿੱਚ ਕੀ ਫਰਕ ਹੈ?
6. ਸਮੁੰਦਰਾਂ ਦੇ ਲਾਭ ਦੱਸੋ?
7. ਜੀਵ ਸੋਮੇ ਕੀ ਹੁੰਦੇ ਹਨ।
8. ਨਿਰਜੀਵ ਸੋਮੇ ਕਿਸ ਨੂੰ ਕਹਿੰਦੇ ਹਨ?
9. ਵਿਕਸਤ ਸੋਮੇ ਕੀ ਹੁੰਦੇ ਹਨ?
10. ਸੰਭਾਵਤ ਸਾਧਨ ਕਿਸ ਨੂੰ ਆਖਦੇ ਹਨ?
11. ਖਣਿਜ ਸਾਧਨਾਂ ਦੀਆਂ ਉਦਾਹਰਣਾਂ ਦਿਉ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਸਾਧਨ ਕਿੰਨੀ ਕਿਸਮ ਦੇ ਹੁੰਦੇ ਹਨ?

   (i) ਚਾਰ (ii) ਸੱਤ (iii) ਛੇ (iv) ਅੱਠ

2. ਸੰਸਾਰ ਦਾ ਲੱਗਭੱਗ ਕਿੰਨੇ ਪ੍ਰਤੀਸ਼ਤ ਭੋਜਨ ਜੀਵ ਸਾਧਨਾਂ ਤੇ ਨਿਰਭਰ ਹੈ?

   (i) 65% (ii) 85% (iii) 75% (iv) 95%

3. ਜਦੋਂ ਨਦੀਆਂ ਦੇ ਪਾਣੀ ਤੋਂ ਬਿਜਲੀ ਤਿਆਰ ਹੋ ਜਾਂਦੀ ਹੈ ਤਾਂ ਇਹ ਪਾਣੀ ਕਿਹੜਾ ਸਾਧਨ ਬਣ ਜਾਂਦਾ ਹੈ?

   (i) ਵਿਕਸਤ (ii) ਸੰਭਾਵਤ (iii) ਮੁੱਕਣਯੋਗ (iv) ਨਿਰਜੀਵ

4. ਕੁਦਰਤ ਦੁਆਰਾ ਪੈਦਾ ਕੀਤੇ ਗਏ ਸਾਰੇ ਜੀਵਾਂ ਵਿੱਚੋਂ ਕਿਸ ਨੂੰ ਸਰਵੋਤਮ ਪ੍ਰਾਣੀ ਦਾ ਖਿਤਾਬ ਮਿਲਿਆ ਹੈ?

   (i) ਬਾਂਦਰ (ii) ਮਨੁੱਖ (iii) ਸ਼ੇਰ (iv) ਹਾਥੀ

5. ਹੇਠ ਲਿਖਿਆਂ ਵਿੱਚੋਂ ਧਾਤੂ ਖਣਿਜ ਕਿਹੜਾ ਹੈ?

   (i) ਸੋਨਾ (ii) ਕੋਲਾ (iii) ਪੈਟਰੋਲੀਅਮ (iv) ਅਬਰਕ

6. ਹੇਠ ਲਿਖਿਆਂ ਵਿਚੋਂ ਅਧਾਤੂ ਖਣਿਜ ਕਿਹੜਾ ਹੈ?

(i) ਲੋਹਾ (ii) ਤਾਂਬਾ (iii) ਮੈਗਨੀਜ਼ (iv) ਚਾਂਦੀ

**ਖਾਲੀ ਥਾਵਾਂ ਭਰੋ:-**

1. ਕੁਦਰਤ ਤੋਂ ਮਿਲਣ ਵਾਲੀਆਂ ਜਾਨ-ਰਹਿਤ ਵਸਤੂਆਂ............................ ਅਖਵਾਉਂਦੇ ਹਨ।
2. ਉਪਜਾਊ ਮਿੱਟੀ ਵਾਲੇ ਇਲਾਕੇ......................... ਗਤੀਵਿਧੀਆਂ ਨਾਲ ਭਰਪੂਰ ਹੁੰਦੇ ਹਨ।
3. ਮਿੱਟੀ ਧਰਤੀ ਦੀ ਸਭ ਤੋਂ.......................... ਪਰਤ ਹੈ।
4. ...................... ਸਾਡੇ ਉਦਯੋਗਾਂ ਦਾ ਅਧਾਰ ਹਨ।
5. ...................... ਸੰਸਾਰ ਦੀ ਬਹੁਤ ਵੱਡੀ ਜਨਸੰਖਿਆ ਨੂੰ ਖ਼ੁਰਾਕ ਦਿੰਦੀਆਂ ਹਨ।

**7●-75 ਸ਼ਬਦਾਂ ਵਾਲੇ ਪ੍ਰਸ਼ਨ**

1. ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪੱਸ਼ਟ ਕਰੋ?
2. ਭੂਮੀ ਅਤੇ ਮਿੱਟੀ ਸਾਧਨਾਂ ਦੀ ਮੱਹਤਤਾ ਤੇ ਸੰਖੇਪ ਨੋਟ ਲਿਖੋ?
3. ਖਣਿਜ ਪਦਾਰਥ ਸਾਨੂੰ ਕਿੱਥੋਂ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਿੱਥੇ ਕੀਤੀ ਜਾਦੀ ਹੈ?
4. ਵਿਕਸਤ ਅਤੇ ਸੰਭਾਵਤ ਸਾਧਨਾਂ ਨੂੰ ਉਦਾਹਰਣਾਂ ਸਹਿਤ ਸਮਝਾਉ?
5. ਮੁਕੱਣਯੋਗ ਸਾਧਨਾਂ ਦੀ ਵਰਤੋਂ ਸਾਨੂੰ ਸਮਝਦਾਰੀ ਅਤੇ ਸੰਕੋਚ ਨਾਲ ਕਿਉਂ ਕਰਨੀ ਚਾਹੀਦੀ ਹੈ?
6. ਮਨੁੱਖੀ ਸਾਧਨਾਂ ਦਾ ਦੂਜੇ ਸਾਧਨਾਂ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ?
7. ਵਿਕਸਤ ਅਤੇ ਸੰਭਾਵਤ ਸੋਮਿਆਂ ਵਿੱਚ ਅੰਤਰ ਦਰਸਾਉ?

**25● ਸ਼ਬਦਾਂ ਵਾਲੇ ਪ੍ਰਸ਼ਨ**

1. ਸਾਧਨਾਂ ਤੋਂ ਕੀ ਭਾਵ ਹੈ? ਸਾਧਨਾਂ ਦਾ ਵਰਗੀਕਰਣ ਕਰਕੇ ਸਮਝਾਉ? ਸਾਧਨਾਂ ਦੀ ਸਾਂਭ ਸੰਭਾਲ ਵਾਸਤੇ ਢੰਗਾਂ ਦਾ ਵਰਣਨ ਕਰੋ?
2. ਕੁਦਰਤੀ ਸਾਧਨ ਕਿਹੜੇ ਹਨ? ਮਿੱਟੀ ਅਤੇ ਕੁਦਰਤੀ ਬਨਸਪਤੀ ਦੀਆਂ ਕਿਸਮਾਂ ਅਤੇ ਮਹੱਤਤਾ ਬਾਰੇ ਦੱਸੋ?

## ਕੁਦਰਤੀ ਸਾਧਨ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਭਾਰਤ ਦੇ ਧਰਾਤਲੀ ਰੂਪਾਂ ਦੀ ਪ੍ਰਤਿਸ਼ਤਤਾ ਦੱਸੋ?
2. ਮੈਦਾਨ ਕਿਉਂ ਕੀਮਤੀ ਸਾਧਨ ਮੰਨੇ ਜਾਂਦੇ ਹਨ?
3. ਭਾਰਤ ਵਿੱਚ ਪ੍ਰਤੀਸ਼ਤ ਭੂ ਵਰਤੋਂ ਨੂੰ ਦੱਸੋ?
4. ਮਿੱਟੀਆਂ ਦੀ ਰਚਨਾ ਵਿੱਚ ਕਿਹੜੇ ਤੱਤ ਮੱਹਤਵਪੂਰਨ ਹਨ?

5. ਭਾਰਤ ਵਿੱਚ ਕਿੰਨੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ? ਕਿਸਮਾਂ ਦੇ ਨਾਮ ਲਿਖੋ?

6. ਕਾਲੀ ਮਿੱਟੀ ਤੇ ਕਿਹੜੀਆਂ-ਕਿਹੜੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ?

7. ਮਿੱਟੀ ਸਾਧਨਾਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

8. ਪਾਣੀ ਦੇ ਮੁੱਖ ਸੋਮਿਆਂ ਦੇ ਨਾਮ ਲਿਖੋ?

9. ਕੁਦਰਤੀ ਬਨਸਪਤੀ ਤੋਂ ਮਨੁੱਖਾਂ ਨੂੰ ਕੀ ਕੁੱਝ ਪ੍ਰਾਪਤ ਹੁੰਦਾ ਹੈ?

10. ਭਾਰਤ ਵਿੱਚ ਜੰਗਲਾਂ ਦੀਆਂ ਕਿਹੜੀਆਂ ਕਿਸਮਾਂ ਹਨ?

11. ਪ੍ਰਵਾਸੀ ਪੰਛੀ ਕੀ ਹਨ ਅਤੇ ਇਹ ਕਿੱਥੋਂ ਆਉਂਦੇ ਹਨ?

12. ਸਦਾ ਬਹਾਰ ਬਨਸਪਤੀ ਕੀ ਹੈ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਭਾਰਤ ਵਰਗੇ ਸੰਘਣੀ ਆਬਾਦੀ ਵਾਲੇ ਦੇਸ਼ ਵਿੱਚ ਜੰਗਲਾਂ ਹੇਠ ਰਕਬਾ ਕਿੰਨਾ ਹੋਣਾ ਚਾਹੀਦਾ ਹੈ?

   (i) 23% (ii) 33% (iii) 53% (iv) 63%

2. ਭਾਰਤ ਦੇ ਕੁੱਲ ਖੇਤਰਫ਼ਲ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਜੰਗਲਾਂ ਹੇਠ ਹੈ?

   (i) 25% (ii) 2●% (iii) 22.2% (iv) 28%

3. ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਹੋਈ ਮਿੱਟੀ ਨੂੰ ਕੀ ਕਹਿੰਦੇ ਹਨ?

   (i) ਜਲੋੜ ਮਿੱਟੀ (ii) ਕਾਲੀ ਮਿੱਟੀ (iii) ਲਾਲ ਮਿੱਟੀ (iv) ਲੈਟਰਾਈਟ ਮਿੱਟੀ

4. ਕਾਲੀ ਮਿੱਟੀ ਕਿਸ ਫ਼ਸਲ ਦੀ ਖੇਤੀ ਲਈ ਸਭ ਤੋਂ ਵੱਧ ਢੁੱਕਵੀਂ ਹੈ?

   (i) ਕਣਕ (ii) ਮੱਕੀ (iii) ਕਪਾਹ (iv) ਜੌਂ

5. ਡੈਲਟਾ ਕਿਸਮ ਦੀ ਬਨਸਪਤੀ ਹੇਠ ਲਿਖਿਆਂ ਵਿੱਚੋਂ ਕਿਸ ਦੇ ਕੰਢਿਆਂ ਦੇ ਨੇੜੇ ਮਿਲਦੀ ਹੈ?

   (i) ਸਮੁੰਦਰ (ii) ਝੀਲਾਂ (iii) ਤਾਲਾਬ (iv) ਦਰਿਆ

6. ਸਰਦੀਆਂ ਦੇ ਮੌਸਮ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪੰਛੀ ਠੰਡੇ ਦੇਸ਼ਾਂ ਸਾਇਬੇਰੀਆ ਅਤੇ ਚੀਨ ਤੋਂ ਕਿਸ ਦੇਸ਼ ਵਿੱਚ ਆਉਂਦੇ ਹਨ?

   (i) ਫ਼ਰਾਂਸ (ii) ਭਾਰਤ (iii) ਜਪਾਨ (iv) ਤੁਰਕੀ

**ਖਾਲੀ ਥਾਵਾਂ ਭਰੋ:-**

1. ਭਾਰਤ ਦਾ ਖੇਤਰਫ਼ਲ............................ ਵਰਗ ਕਿਲੋਮੀਟਰ ਹੈ।
2. ......................... ਸਾਨੂੰ ਪਰਬਤੀ ਢਲਾਣਾਂ ਤੇ ਮਿਲਦੀ ਹੈ।
3. ਧਰਤੀ ਨੂੰ.......................... ਗ੍ਰਹਿ ਵੀ ਕਹਿੰਦੇ ਹਨ।
4. ...................... ਨਵੀਂ ਜੰਮੀ ਹੋਈ ਮਿੱਟੀ ਨੂੰ ਕਿਹਾ ਜਾਂਦਾ ਹੈ।

5. ...................... ਪੁਰਾਣੀ ਜੰਮੀ ਹੋਈ ਮਿੱਟੀ ਨੂੰ ਕਿਹਾ ਜਾਂਦਾ ਹੈ।

6. ਜਿਨ੍ਹਾਂ ਇਲਾਕਿਆਂ ਵਿੱਚ ਵਰਖਾ ਘੱਟ ਹੁੰਦੀ ਹੈ, ਉੱਥੇ ਜ਼ਮੀਨੀ ਪਾਣੀ............. ਅਤੇ ........... ਹੋ ਜਾਂਦੇ ਹਨ।

**7●-75 ਸ਼ਬਦਾਂ ਵਾਲੇ ਪ੍ਰਸ਼ਨ**

1. ਭਾਰਤ ਵਿੱਚ ਭੂਮੀ ਦੀ ਵਰਤੋਂ ਤੇ ਨੋਟ ਲਿਖੋ?
2. ਜਲੌੜ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਦਿੰਦੇ ਹੋਏ ਭਾਰਤ ਵਿੱਚ ਖੇਤਰ ਦਰਸਾਉ?
3. ਕਾਲੀ ਮਿੱਟੀ ਵਿੱਚ ਕਿਹੜੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ ਭਾਰਤ ਵਿੱਚ ਕਾਲੀ ਮਿੱਟੀ ਦੇ ਖੇਤਰ ਬਾਰੇ ਦੱਸੋ?
4. ਲੈਟਰਾਇਟ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਤੇ ਖੇਤਰ ਦੱਸੋ?
5. ਮਾਰੂਥਲੀ ਮਿੱਟੀ ਤੇ ਨੋਟ ਲਿਖੋ?
6. ਮਿੱਟੀ ਸਾਧਨ ਦੀਆਂ ਸਮੱਸਿਆਵਾਂ ਬਾਰੇ ਦੱਸੋ?
7. ਮਿੱਟੀ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?
8. ਧਰਤੀ ਉੱਤੇ ਪਾਣੀ ਦੀ ਵੰਡ ਬਿਆਨ ਕਰੋ?
9. ਮਨੁੱਖਾਂ ਲਈ ਪਾਣੀ ਦੇ ਦੋ ਸੋਮਿਆਂ ਬਾਰੇ ਵਿਸਥਾਰ ਸਹਿਤ ਦੱਸੋ?
10. ਪੱਤਝੜ ਜੰਗਲਾਂ ਤੇ ਨੋਟ ਲਿਖੋ?
11. ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ ਸੰਭਾਲ ਲਈ ਭਾਰਤ ਸਰਕਾਰ ਨੇ ਕੀ-ਕੀ ਕਦਮ ਉਠਾਏ ਹਨ?

**25● ਸ਼ਬਦਾਂ ਵਾਲੇ ਪ੍ਰਸ਼ਨ**

**1.** ਪਾਣੀ ਅਤੇ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ? ਆਪਣੇ ਵਿਚਾਰ ਪ੍ਰਗਟ ਕਰੋ?

## ਖਣਿਜ ਅਤੇ ਸ਼ਕਤੀ ਸਾਧਨ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਖਣਿਜ ਪਦਾਰਥ ਕੀ ਹੁੰਦੇ ਹਨ?
2. ਖਣਿਜ ਪਦਾਰਥਾਂ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।
3. ਧਾਤੂ ਖਣਿਜ ਪਦਾਰਥ ਕਿਸ ਨੂੰ ਕਹਿੰਦੇ ਹਨ ਉਦਾਹਰਣਾ ਦਿਉ?
4. ਅਧਾਤੂ ਖਣਿਜ ਪਦਾਰਥ ਕਿਸ ਨੂੰ ਆਖਦੇ ਹਨ, ਉਦਾਹਰਣਾ ਦਿਉ?
5. ਕੱਚੇ ਲੋਹੇ ਦੀਆਂ ਕਿਸਮਾਂ ਦੇ ਨਾਂ ਲਿਖੋ?

6. ਮੈਗਨੀਜ਼ ਦੀ ਮੱਹਤਤਾ ਦੱਸੋ?

7. ਤਾਂਬੇ ਦੀ ਮੱਹਤਤਾ ਦੱਸੋ?

8. ਅਬਰਕ ਖਣਿਜ ਪਦਾਰਥ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?

9. ਪ੍ਰਮਾਣੂ ਖਣਿਜ ਪਦਾਰਥ ਕੀ ਹੁੰਦੇ ਹਨ ਅਤੇ ਪ੍ਰਮੁੱਖ ਉਦਾਹਰਣਾਂ ਦੱਸੋ?

10. ਸ਼ਕਤੀ ਦੇ ਸਾਧਨਾਂ ਦੀਆਂ ਕਿਸਮਾਂ ਦੱਸੋ?

11. ਕਾਰਬਨ ਦੀ ਮਾਤਰਾ ਅਨੁਸਾਰ ਕੋਲੇ ਦੀਆਂ ਕਿਸਮਾਂ ਦੇ ਨਾਂ ਲਿਖੋ?

12. ਪੈਟਰੋਲੀਅਮ ਨੂੰ ਤਰਲ ਸੋਨਾ ਕਿਉਂ ਕਿਹਾ ਜਾਂਦਾ ਹੈ?

13. ਬਿਜਲੀ ਕਿੰਨੇ ਤਰੀਕਿਆਂ ਨਾਲ ਪੈਦਾ ਕੀਤੀ ਜਾਂਦੀ ਹੈ?

14. ਪਣ ਬਿਜਲੀ ਡੈਮਾਂ ਨੂੰ ਬਹੁ-ਉਦੇਸ਼ੀ ਪ੍ਰੋਜੈਕਟ ਕਿਉਂ ਕਿਹਾ ਜਾਦਾ ਹੈ?

15. ਭੂ-ਤਾਪੀ ਸ਼ਕਤੀ ਦੇ ਉਪਯੋਗ ਲਿਖੋ?

16. ਮਿੱਟੀ ਸਾਧਨ ਨੂੰ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਪੇਸ਼ ਆਉਦੀਆਂ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਹੇਠ ਲਿਖਿਆਂ ਵਿੱਚੋਂ ਪਰਮਾਣੂ ਖਣਿਜ ਪਦਾਰਥ ਕਿਹੜੇ ਹਨ?

   (i) ਕੋਬਾਲਟ (ii) ਟਿਨ (iii) ਥੋਰੀਅਮ (iv) ਸਿੱਕਾ

2. ਕੱਚੇ ਲੋਹੇ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

   (i) ਚਾਰ (ii) ਦੋ (iii) ਪੰਜ (iv) ਸੱਤ

3. ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

   (i) ਚੈਕ ਗਣਰਾਜ (ii) ਦੱਖਣੀ ਅਫਰੀਕਾ (iii) ਚੀਨ (iv) ਕੀਨੀਆ

4. ਹੇਠ ਲਿਖਿਆਂ ਵਿੱਚੋਂ ਕੋਲੇ ਦੀ ਸਭ ਤੋਂ ਵਧੀਆ ਕਿਸਮ ਕਿਹੜੀ ਹੈ?

   (i) ਪੀਟ (ii) ਬਿੱਟੂਮੀਨਸ (iii) ਐਂਥਰੇਸਾਈਟ (iv) ਲਿਗਨਾਈਟ

5. ਬਿਜਲੀ ਦਾ ਸਮਾਨ ਬਣਾਉਣ ਲਈ ਹੇਠ ਲਿਖਿਆਂ ਵਿੱਚੋਂ ਕਿਸ ਧਾਤ ਦੀ ਵਰਤੋਂ ਹੁੰਦੀ ਹੈ?

   (i) ਕੋਲਾ (ii) ਲੋਹਾ (iii) ਸੋਨਾ (iv) ਅਬਰਕ

**ਖਾਲੀ ਥਾਵਾਂ ਭਰੋ:-**

1. ਮੈਗਨੀਜ਼ ਇੱਕ ਅਜਿਹਾ ਖਣਿਜ ਪਦਾਰਥ ਹੈ ਜਿਹੜਾ.......................... ਬਣਾਉਣ ਦੇ ਕੰਮ ਆਉਂਦਾ ਹੈ।
2. ਬਾਕਸਾਈਟ ਇੱਕ ਕੱਚੀ ਧਾਤ ਹੈ ਜਿਸ ਤੋਂ..........................ਬਣਾਇਆ ਜਾਂਦਾ ਹੈ।
3. ਪੈਟਰੋਲੀਅਮ ਧਰਤੀ ਦੀਆਂ........................ਚਟਾਨਾਂ ਵਿੱਚੋਂ ਨਿਕਲਦਾ ਹੈ।

4. ...................... ਰਾਜ ਨੂੰ ਛੱਡ ਕੇ ਭਾਰਤ ਦੇ ਸਾਰੇ ਰਾਜ ਹੀ ਪਣ ਬਿਜਲੀ ਤਿਆਰ ਕਰਦੇ ਹਨ।

5. ਤਾਂਬੇ ਨੂੰ ਟਿਨ ਦੇ ਨਾਲ ਮਿਲਾ ਕੇ...................... ਬਣਾਇਆ ਜਾਂਦਾ ਹੈ।

**70-75 ਸ਼ਬਦਾਂ ਵਾਲੇ ਪ੍ਰਸ਼ਨ**

1. ਕੱਚੇ ਲੋਹੇ ਦੀਆਂ ਕਿਸਮਾਂ ਅਤੇ ਭਾਰਤ ਵਿੱਚ ਲੋਹ ਖੇਤਰਾਂ ਨੂੰ ਬਿਆਨ ਕਰੋ?
2. ਬਾਕਸਾਇਟ ਦੀ ਮਹੱਤਤਾ ਤੇ ਨੋਟ ਲਿਖੋ?
3. ਕੁਦਰਤੀ ਗੈਸ ਦੀ ਸਾਡੇ ਜੀਵਨ ਵਿੱਚ ਕੀ ਮੱਹਤਤਾ ਹੈ ਅਤੇ ਇਸ ਦੇ ਭਾਰਤ ਵਿੱਚ ਪ੍ਰਮੁੱਖ ਖੇਤਰ ਕਿਹੜੇ-ਕਿਹੜੇ ਹਨ?
4. ਪਣ ਬਿਜਲੀ ਤਿਆਰ ਕਰਨ ਲਈ ਲੋੜੀਂਦੀਆਂ ਭੂਗੋਲਿਕ ਹਾਲਤਾਂ ਦੱਸੋ?
5. ਕੋਲੇ ਦੀਆਂ ਕਿਸਮਾਂ ਅਤੇ ਸੰਸਾਰ ਵਿੱਚ ਪ੍ਰਮੁੱਖ ਖੇਤਰਾਂ ਨੂੰ ਦੱਸੋ?

**250 ਸ਼ਬਦਾਂ ਵਾਲੇ ਪ੍ਰਸ਼ਨ**

1. ਸ਼ਕਤੀ ਸਾਧਨ ਕਿਹੜੇ-ਕਿਹੜੇ ਹਨ? ਦੇਸ਼ ਦੇ ਵਿਕਾਸ ਵਿੱਚ ਇਨਾਂ ਦਾ ਕੀ ਯੋਗਦਾਨ ਹੈ? ਕੋਈ ਦੋ ਸ਼ਕਤੀ ਸਾਧਨਾਂ ਬਾਰੇ ਵਿਸਥਾਰ ਪੂਰਵਕ ਲਿਖੋ?
2. ਧਾਤੂ ਖਣਿਜ ਪਦਾਰਥ ਕਿਸ ਨੂੰ ਕਹਿੰਦੇ ਹਨ? ਕੋਈ ਦੋ ਮੱਹਤਵਪੂਰਣ ਖਣਿਜ ਪਦਾਰਥਾਂ ਬਾਰੇ ਵਿਸਥਾਰ ਸਹਿਤ ਲਿਖੋ?

## ਸਾਡੀ ਖੇਤੀਬਾੜੀ

**20-25 ਸ਼ਬਦਾਂ ਵਾਲੇ ਪ੍ਰਸ਼ਨ**

1. ਖੇਤੀਬਾੜੀ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਤੱਤਾਂ ਦਾ ਵਰਣਨ ਕਰੋ?
2. ਖੇਤੀਬਾੜੀ ਦੀਆਂ ਕਿਸਮਾਂ ਦੇ ਨਾਂ ਲਿਖੋ?
3. ਬਾਗਾਤੀ ਖੇਤੀ ਤੇ ਸੰਖੇਪ ਨੋਟ ਲਿਖੋ?
4. ਅਨਾਜ ਫਸਲਾਂ ਦੇ ਨਾਂ ਲਿਖੋ?
5. ਕੱਦੂ ਕਰਨਾ ਕਿਸ ਨੂੰ ਕਹਿੰਦੇ ਹਨ?
6. ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?
7. ਕਪਾਹ ਦੀਆਂ ਕਿਸਮਾਂ ਦੇ ਨਾਂ ਲਿਖੋ?
8. ਪਟਸਨ ਤੋਂ ਕਿਹੜੀਆਂ-ਕਿਹੜੀਆਂ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ?
9. ਚਾਹ ਦਾ ਪੌਦਾ ਕਿਸ ਤਰ੍ਹਾਂ ਦਾ ਹੁੰਦਾ ਹੈ?
10. ਕੌਫੀ ਦੀਆਂ ਕਿਸਮਾਂ ਦੇ ਨਾਂ ਲਿਖੋ?
11. ਯੂ.ਐਸ.ਏ. ਅਤੇ ਪੰਜਾਬ ਵਿੱਚ ਕਿੰਨੇ-ਕਿੰਨੇ ਪ੍ਰਤੀਸ਼ਤ ਲੋਕ ਖੇਤੀ ਦੇ ਕੰਮ ਵਿੱਚ ਲੱਗੇ ਹੋਏ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਹੇਠ ਲਿਖਿਆਂ ਵਿੱਚੋਂ ਕਿਹੜੀ ਫਸਲ ਰੇਸ਼ੇਦਾਰ ਫਸਲਾਂ ਦੀ ਸ਼੍ਰੇਣੀ ਵਿੱਚ ਆਉਂਦੀ ਹੈ?

   (i) ਕੌਫ਼ੀ (ii) ਮੱਕੀ (iii) ਪਟਸਨ (iv) ਬਾਜਰਾ

2. ਸੰਸਾਰ ਦੀ ਸਭ ਤੋਂ ਵੱਧ ਚਾਹ ਕਿਹੜਾ ਦੇਸ਼ ਪੈਦਾ ਕਰਦਾ ਹੈ?

   (i) ਜਰਮਨੀ (ii) ਭਾਰਤ (iii) ਇਰਾਨ (iv) ਇਰਾਕ

3. ਯੂ.ਐਸ.ਏ. ਦੇ ਇੱਕ ਫਾਰਮ ਦਾ ਔਸਤਨ ਆਕਾਰ ਕਿੰਨਾ ਹੈ?

   (i) 1●● ਏਕੜ (ii) 2●● ਏਕੜ (iii) 7●● ਏਕੜ (iv) 5●● ਏਕੜ

4. ਕਿਸ ਦੇਸ਼ ਦੀ ਲੰਬੇ ਰੇਸ਼ੇ ਵਾਲੀ ਕਪਾਹ ਸੰਸਾਰ ਭਰ ਵਿੱਚ ਪ੍ਰਸਿੱਧ ਹੈ?

   (i) ਚੀਨ (ii) ਯੂ.ਐਸ.ਏ. (iii) ਰੂਸ (iv) ਮਿਸਰ

5. ਕਿਹੜੀ ਫ਼ਸਲ ਪੈਦਾ ਕਰਨ ਲਈ ਪਹਿਲਾਂ ਪਨੀਰੀ ਤਿਆਰ ਕੀਤੀ ਜਾਂਦੀ ਹੈ?

   (i) ਕਣਕ (ii) ਚਾਵਲ (iii) ਮੱਕੀ (iv) ਜਵਾਰ

**ਖਾਲੀ ਥਾਵਾਂ ਭਰੋ:-**

1. ਸਥਾਨ-ਅੰਤਰੀ ਖੇਤੀ ਨੂੰ ............................ ਖੇਤੀ ਵੀ ਕਿਹਾ ਜਾਂਦਾ ਹੈ।
2. ਭਾਰਤ ਦਾ.......................... ਰਾਜ ਖੇਤੀਬਾੜੀ ਪੱਖੋਂ ਬਾਕੀ ਰਾਜਾਂ ਨਾਲੋਂ ਅੱਗੇ ਹੈ।
3. ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ.......................ਖੇਤੀ ਕੀਤੀ ਜਾਂਦੀ ਹੈ।
4. ਪੰਜਾਬ ਦੇ ਮਾਲਵਾ ਖੇਤਰ ਵਿੱਚ ਕਪਾਹ ਨੂੰ....................... ਕਿਹਾ ਜਾਂਦਾ ਹੈ।
5. ....................ਦੇਸ਼ ਦੀ ਊਲੌਂਗ ਚਾਹ ਆਪਣੇ ਸਵਾਦ ਲਈ ਪ੍ਰਸਿੱਧ ਹੈ।
6. ਜਪਾਨ ਵਿੱਚ ਉੱਚੀ ਪੈਦਾਵਾਰ ਕਰਨ ਵਾਲੀਆਂ ਚਾਵਲ ਦੀਆਂ ....................... ਵਰਗੀਆਂ ਕਿਸਮਾਂ ਉਗਾਈਆਂ ਜਾਂਦੀਆਂ ਹਨ।

**7●-75 ਸ਼ਬਦਾਂ ਵਾਲੇ ਪ੍ਰਸ਼ਨ**

1. ਸਥਾਈ ਖੇਤੀ ਅਤੇ ਸਥਾਨ ਅੰਤਰੀ ਖੇਤੀ ਵਿੱਚ ਫ਼ਰਕ ਸਮਝਾਉ? ਖੁਸ਼ਕ ਖੇਤੀ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?
2. ਸੰਘਣੀ, ਵਿਸ਼ਾਲ ਅਤੇ ਮਿਸ਼ਰਤ ਖੇਤੀ ਦੀਆਂ ਵਿਸ਼ੇਸ਼ਤਾਵਾਂ ਦੱਸੋ?
3. ਨਿੱਜੀ ਸਹਿਕਾਰੀ ਅਤੇ ਸਾਂਝੀ ਖੇਤੀ ਤੇ ਨੋਟ ਲਿਖੋ?
4. ਵਪਾਰਿਕ ਖੇਤੀ ਨੂੰ ਵਿਸਥਾਰ ਸਹਿਤ ਸਮਝਾਉ?
5. ਚਾਵਲ ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ-ਕਿਹੜੇ ਹਨ?
6. ਕਪਾਹ ਅਤੇ ਪਟਸਨ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ ਦਾ ਵਰਨਣ ਕਰੋ?
7. ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ਤੇ ਨੋਟ ਲਿਖੋ?

8. ਚਾਹ ਅਤੇ ਕੌਫ਼ੀ ਦੇ ਪੌਦਿਆਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾਂਦੀ ਹੈ?

9. ਯੂ.ਐਸ.ਏ. ਵਿੱਚ ਖੇਤੀਬਾੜੀ ਦੇ ਕੰਮਾਂ ਵਿੱਚ ਮਸ਼ੀਨਾਂ ਦੇ ਉਪਯੋਗ ਤੇ ਨੋਟ ਲਿਖੋ?

**25● ਸ਼ਬਦਾਂ ਵਾਲੇ ਪ੍ਰਸ਼ਨ**

1. ਕਣਕ ਦੀ ਖੇਤੀ ਲਈ ਲੋੜੀਂਦੀਆਂ ਹਾਲਤਾਂ ਦੱਸ ਕੇ ਕਣਕ ਪੈਦਾ ਕਰਨ ਵਾਲੇ ਖੇਤਰਾਂ ਦਾ ਵਰਨਣ ਕਰੋ?

2. ਚਾਹ ਅਤੇ ਕੌਫੀ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ ਕਿਹੜੀਆਂ ਹਨ। ਭਾਰਤ ਵਿੱਚ ਪ੍ਰਮੁੱਖ ਖੇਤਰਾਂ ਬਾਰੇ ਲਿਖੋ?

3. ਪਟਸਨ ਦੀ ਖੇਤੀ ਕਿਵੇਂ ਕੀਤੀ ਜਾਦਾ ਹੈ? ਪਟਸਨ ਦੀ ਵਰਤੋਂ ਅਤੇ ਸੰਸਾਰ ਵਿੱਚ ਇਸ ਦੀ ਵੰਡ ਬਾਰੇ ਵਿਸਥਾਰਪੂਰਵਕ ਲਿਖੋ?

4. ਪੰਜਾਬ ਅਤੇ ਯੂ.ਐਸ.ਏ. ਦੀ ਖੇਤੀ ਵਿੱਚ ਕੀ-ਕੀ ਸਮਾਨਤਾਵਾਂ ਅਤੇ ਭਿੰਨਤਾਵਾਂ ਮਿਲਦੀਆਂ ਹਨ?

## ਉਦਯੋਗਿਕ ਵਿਕਾਸ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਵਸਤੂ ਨਿਰਮਾਣ ਕਿਰਿਆ ਕਿਸ ਨੂ ਕਹਿੰਦੇ ਹਨ?

2. ਉਦਯੋਗ ਦੀ ਸਥਾਪਤੀ ਲਈ ਮੱਹਤਵਪੂਰਨ ਤੱਤ ਦੱਸੋ?

3. ਆਕਾਰ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਲਿਖੋ?

4. ਭਾਰਾ ਉਦਯੋਗ ਕਿਸ ਨੂੰ ਆਖਦੇ ਹਨ?

5. ਕੱਚੇ ਮਾਲ ਦੇ ਆਧਾਰ ਤੇ ਉਦਯੋਗਾਂ ਦੀ ਵੰਡ ਲਿਖੋ?

6. ਨਿੱਜੀ ਖੇਤਰ ਦੇ ਉਦਯੋਗ ਕਿਸ ਨੂੰ ਕਹਿੰਦੇ ਹਨ?

7. ਸਰਕਾਰੀ ਖੇਤਰ ਦੇ ਉਦਯੋਗਾਂ ਦੀ ਵਿਆਖਿਆ ਕਰੋ?

8. ਸਹਿਕਾਰੀ ਖੇਤਰ ਦੇ ਉਦਯੋਗਾਂ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ?

9. ਆਟੋ-ਮੋਬਾਈਲ ਉਦਯੋਗ ਦੀ ਸ਼ੁਰੂਆਤ ਕਦੋਂ ਹੋਈ?

10. ਸਮੁੰਦਰੀ ਜਹਾਜ਼ਾਂ ਦੇ ਉਦਯੋਗ ਭਾਰਤ ਵਿੱਚ ਕਿੱਥੇ-ਕਿੱਥੇ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਕਿਹੜੇ ਦੇਸ਼ ਨੂੰ ਕੱਪੜਾ ਉਦਯੋਗ ਵਿੱਚ ਮੋਹਰੀ ਮੰਨਿਆ ਜਾਂਦਾ ਹੈ?

    (i) ਇੰਗਲੈਂਡ (ii) ਫਰਾਂਸ (iii) ਹੰਗਰੀ (iv) ਸੀਰੀਆ

2. ਭਾਰਤ ਹੈਵੀ ਇਲੈਕਟ੍ਰੀਕਲਜ਼ ਕਿਹੜੀ ਕਿਸਮ ਦਾ ਉਦਯੋਗ ਹੈ?

(i) ਸਹਿਕਾਰੀ ਖੇਤਰ (ii) ਨਿੱਜੀ ਖੇਤਰ (iii) ਸਰਕਾਰੀ ਖੇਤਰ (iv) ਸਾਂਝਾ ਖੇਤਰ

3. ਹੀਰੋ ਸਾਈਕਲ ਉਦਯੋਗ ਕਿਹੜੀ ਕਿਸਮ ਦਾ ਉਦਯੋਗ ਹੈ?

(i) ਸਰਕਾਰੀ ਖੇਤਰ (ii) ਸਹਿਕਾਰੀ ਖੇਤਰ (iii) ਸਾਂਝੇ ਖੇਤਰ (iv) ਨਿੱਜੀ ਖੇਤਰ

4. ਆਟੋਮੋਬਾਈਲ ਉਦਯੋਗ ਦੀ ਸ਼ੁਰੂਆਤ ਕਿਹੜੀ ਸਦੀ ਦੇ ਅੰਤ ਵਿੱਚ ਹੋਈ?

(i) 17ਵੀਂ ਸਦੀ (ii) 18ਵੀਂ ਸਦੀ (iii) 2●ਵੀਂ ਸਦੀ (iv) 19ਵੀਂ ਸਦੀ

5. ਪੰਜਾਬ ਵਿੱਚ ਰੇਲ ਦੇ ਡੱਬੇ ਬਣਾਉਣ ਦਾ ਉਦਯੋਗ ਕਿਹੜੇ ਸ਼ਹਿਰ ਵਿੱਚ ਲੱਗਿਆ ਹੈ?

(i) ਫਿਰੋਜ਼ਪੁਰ (ii) ਅੰਮ੍ਰਿਤਸਰ (iii) ਕਪੂਰਥਲਾ (iv) ਗੁਰਦਾਸਪੁਰ

**ਖਾਲੀ ਥਾਵਾਂ ਭਰੋ:–**

1. ਉਦਯੋਗਾਂ ਵਿੱਚ ਤਿਆਰ ਕੀਤੇ ਮਾਲ ਨੂੰ ਵੇਚਣ ਲਈ.....................ਦੀ ਨੇੜਤਾ ਹੋਣੀ ਚਾਹਦੀ ਹੈ।
2. ਕੱਪੜਾ ਉਦਯੋਗ ਲਈ...................... ਵਾਲਾ ਮੌਸਮ ਠੀਕ ਰਹਿੰਦਾ ਹੈ।
3. ਪੰਜਾਬ ਟ੍ਰੈਕਟਰਜ਼ ਲਿਮਟਿਡ ......................... ਦੇ ਉਦਯੋਗ ਹਨ।
4. ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ.................. ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ।
5. ਜਾਨਵਰਾਂ ਤੇ ਆਧਾਰਿਤ ਉਦਯੋਗ....................... ਕੱਪੜਾ ਉਦਯੋਗ ਹੈ।

**7●–75 ਸ਼ਬਦਾਂ ਵਾਲੇ ਪ੍ਰਸ਼ਨ**

1. ਉਦਯੋਗਾਂ ਦਾ ਵਰਗੀਕਰਣ ਕਿਸ ਆਧਾਰ ਤੇ ਕੀਤਾ ਜਾਂਦਾ ਹੈ ਇਨ੍ਹਾਂ ਕਿਸਮਾਂ ਦੇ ਨਾਂ ਲਿਖੋ?
2. ਆਕਾਰ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਨੂੰ ਸਮਝਾਉ?
3. ਕੱਚੇ ਮਾਲ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਬਾਰੇ ਦੱਸੋ?
4. ਸ੍ਰੋਤ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਤੇ ਨੋਟ ਲਿਖੋ?
5. ਮਲਕੀਅਤ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਨੂੰ ਸਮਝਾਉ?
6. ਉਦਯੋਗਾਂ ਦੀ ਮਨੁੱਖੀ ਜੀਵਨ ਵਿੱਚ ਕੀ ਮੱਹਤਤਾ ਹੈ?
7. ਕੱਚਾ ਮਾਲ ਅਤੇ ਸ਼ਕਤੀ ਸਾਧਨ ਉਦਯੋਗਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?
8. ਕੱਪੜਾ ਅਤੇ ਲੋਹਾ ਇਸਪਾਤ ਉਦਯੋਗ ਲਈ ਮੁੱਖ ਦੇਸ਼ ਕਿਹੜੇ–ਕਿਹੜੇ ਹਨ?
9. ਕੱਪੜਾ ਉਦਯੋਗ ਵਿੱਚ ਭਾਰਤ ਦੇ ਤਿੰਨ ਕੇਂਦਰਾਂ ਦੇ ਨਾਂ ਲਿਖੋ ਜਿੱਥੇ ਕੱਪੜਾ ਉਦਯੋਗ ਲਗਾਇਆ ਗਿਆ ਹੈ।
10. ਹਵਾਈ ਜਹਾਜ਼ਾਂ ਦੀ ਵਰਤੋਂ ਕਿੱਥੇ ਹੁੰਦੀ ਹੈ ਅਤੇ ਭਾਰਤ ਵਿੱਚ ਹਵਾਈ ਜਹਾਜ਼ ਬਣਾਉਣ ਵਾਲੇ ਮੁੱਖ ਕੇਂਦਰ ਕਿਹੜੇ ਹਨ?

**25● ਸ਼ਬਦਾਂ ਵਾਲੇ ਪ੍ਰਸ਼ਨ**

1. ਉਦਯੋਗਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ ਨੂੰ ਸਮਝਾਉ?
2. ਉਦਯੋਗਾਂ ਨੂੰ ਮੁੱਖ ਤੌਰ ਤੇ ਕਿਹੜੇ-ਕਿਹੜੇ ਆਧਾਰ ਤੇ ਵੰਡਿਆ ਜਾਂਦਾ ਹੈ? ਮਲਕੀਅਤ ਦੇ ਆਧਾਰ ਤੇ ਉਦਯੋਗ ਦੀਆਂ ਕਿਸਮਾਂ ਦਾ ਵਰਨਣ ਕਰੋ?

## ਮੁੱਖ ਉਦਯੋਗ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਲੋਹਾ-ਇਸਪਾਤ ਉਦਯੋਗ ਨੂੰ ਪਹਿਲੇ ਦਰਜੇ ਦਾ ਉਦਯੋਗ ਕਿਉਂ ਮੰਨਿਆ ਜਾਂਦਾ ਹੈ।
2. ਲੋਹਾ-ਇਸਪਾਤ ਉਦਯੋਗ ਨੂੰ ਲਗਾਉਣ ਵਾਸਤੇ ਲੋੜੀਂਦੀਆਂ ਹਾਲਤਾਂ ਕਿਹੜੀਆਂ-ਕਿਹੜੀਆਂ ਹਨ।
3. ਜਮਸ਼ੇਦਪੁਰ ਅਤੇ ਡੈਟਰੀਅਟ ਸ਼ਹਿਰ ਕਿੱਥੇ ਸਥਿਤ ਹਨ?
4. ਕੱਪੜੇ ਦਾ ਨਿਰਮਾਣ ਕਿਹੜੇ ਪਦਾਰਥਾਂ ਤੋਂ ਕੀਤਾ ਜਾਂਦਾ ਹੈ?
5. ਕੱਪੜਾ ਉਦਯੋਗ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?
6. ਰੇਸ਼ਮ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ?
7. ਕਪਾਹ ਦੀ ਕਿਹੜੀ ਕਿਸਮ ਸਭ ਤੋਂ ਵਧੀਆ ਮੰਨੀ ਜਾਂਦੀ ਹੈ?
8. ਸੂਚਨਾ ਤਕਨੀਕ ਉਦਯੋਗ ਵਿੱਚ ਭਾਰਤ ਨੇ ਕਿੰਨੀ ਕੁ ਤਰੱਕੀ ਕੀਤੀ ਹੈ?
9. ਬੰਗਲੌਰ ਵਿੱਚ ਕਿਹੜੀ-ਕਿਹੜੀ ਕਿਸਮ ਦੇ ਉਦਯੋਗ ਪਾਏ ਜਾਂਦੇ ਹਨ?
10. ਸਿਲੀਕਾਨ ਘਾਟੀ ਕਿੱਥੇ ਹੈ ਅਤੇ ਪਹਿਲਾਂ ਇਹ ਕਿਸ ਚੀਜ਼ ਲਈ ਮਸ਼ਹੂਰ ਹੁੰਦੀ ਸੀ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. 'ਮੈਰੀਨੋ' ਕਿਸਮ ਦੀ ਵਧੀਆ ਉੱਨ ਕਿਸ ਜਾਨਵਰ ਤੋਂ ਪ੍ਰਾਪਤ ਕੀਤੀ ਜਾਂਦੀ ਹੈ?

   (i) ਭੇਡ (ii) ਯਾਕ (iii) ਖਰਗੋਸ਼ (iv) ਊਠ

2. ਅਹਿਮਦਾਬਾਦ ਸ਼ਹਿਰ ਕਿਹੜੇ ਦਰਿਆ ਦੇ ਕੰਢੇ ਤੇ ਸਥਿਤ ਹੈ?

   (i) ਬਿਆਸ (ii) ਸਾਬਰਮਤੀ (iii) ਨਰਮਦਾ (iv) ਯਮੁਨਾ

3. ਪਹਿਲੇ ਡਿਜ਼ੀਟਲ ਇਲੈਕਟ੍ਰਾਨਿਕ ਕੰਪਿਊਟਰ ਦਾ ਨਿਰਮਾਣ ਕਿਸ ਦੇਸ਼ ਵਿੱਚ ਕੀਤਾ ਗਿਆ?

   (i) ਜਰਮਨੀ (ii) ਇੰਗਲੈਂਡ (iii) ਯੂ.ਐਸ.ਏ. (iv) ਜਪਾਨ

4. ਸਿਲੀਕਾਨ ਘਾਟੀ ਯੂ.ਐਸ.ਏ. ਦੇ ਕਿਸ ਰਾਜ ਵਿੱਚ ਸਥਿਤ ਹੈ?

(i) ਨਿਊਯਾਰਕ (ii) ਕੈਲੀਫੋਰਨੀਆ (iii) ਸ਼ਿਕਾਗੋ (iv) ਵਾਸ਼ਿੰਗਟਨ

5. ਟਾਟਾ ਆਇਰਨ ਅਤੇ ਸਟੀਲ ਕੰਪਨੀ ਕਿੱਥੇ ਸਥਾਪਿਤ ਹੈ?

(i) ਰੁੜਕੇਲਾ (ii) ਦੁਰਗਾਪੁਰ (iii) ਵਾਰਾਨਸੀ (iv) ਜਮਸ਼ੇਦਪੁਰ

**ਖਾਲੀ ਥਾਵਾਂ ਭਰੋ:-**

1. …………………… ਦੇਸ਼ ਕੋਲ ਲੋਹਾ ਇਸਪਾਤ ਉਦਯੋਗ ਲਈ ਕੱਚੇ ਮਾਲ ਦੀ ਘਾਟ ਹੈ।
2. ਬਣਾਵਟੀ ਰੇਸ਼ਾ ਇੱਕ …………………… ਯੋਗਿਕ ਹੈ।
3. …………………… ਸ਼ਹਿਰ ਨੂੰ ਜਪਾਨ ਦਾ ਮਾਨਚੈਸਟਰ ਕਿਹਾ ਜਾਂਦਾ ਹੈ।
4. …………………… …ਸ਼ਹਿਰ ਨੂੰ ਭਾਰਤ ਦੀ 'ਸਿਲੀਕਾਨ ਘਾਟੀ' ਕਿਹਾ ਜਾਂਦਾ ਹੈ।
5. ਚੀਨ ਇਸ ਵੇਲੇ ਸੰਸਾਰ ਦਾ ਸਭ ਤੋਂ ਵੱਡਾ……………………ਉਤਪਾਦਕ ਦੇਸ਼ ਹੈ।

**70-75 ਸ਼ਬਦਾਂ ਵਾਲੇ ਪ੍ਰਸ਼ਨ**

1. ਕੱਚੇ ਲੋਹੇ ਤੋਂ ਸਟੀਲ ਬਣਾਉਣ ਦੀ ਕ੍ਰਿਆ ਸਮਝਾਉ?
2. ਚੀਨ ਅਤੇ ਜਪਾਨ ਦੇ ਲੋਹਾ ਇਸਪਾਤ ਕੇਂਦਰਾਂ ਦੇ ਨਾਂ ਲਿਖੋ?
3. ਜਮਸ਼ੇਦਪੁਰ ਵਿੱਚ ਲੋਹਾ ਇਸਪਾਤ ਉਦਯੋਗ ਵਾਸਤੇ ਢੁੱਕਵੀਆਂ ਹਾਲਤਾਂ ਦੱਸੋ?
4. ਡੈਟਰੀਅਟ ਦੇ ਲੋਹਾ ਇਸਪਾਤ ਉਦਯੋਗ ਦੇ ਵਿਕਾਸ ਤੇ ਚਾਨਣਾ ਪਾਉ?
5. ਉੱਨੀ ਕੱਪੜਾ ਉਦਯੋਗ ਤੇ ਨੋਟ ਲਿਖੋ?
6. ਉਸਾਕਾ ਸ਼ਹਿਰ ਵਿੱਚ ਸੂਤੀ ਕੱਪੜਾ ਉਦਯੋਗ ਦੇ ਵਿਕਸਤ ਹੋਣ ਦੇ ਕਾਰਣ ਦੱਸੋ?
7. ਬੰਗਲੌਰ ਸ਼ਹਿਰ ਵਿੱਚ ਕਿਹੜੀਆਂ-ਕਿਹੜੀਆਂ ਹਾਲਤਾਂ ਸੂਚਨਾਂ ਤਕਨੀਕ ਲਈ ਢੁੱਕਵੀਆਂ ਹਨ?
8. ਸਿਲੀਕਾਨ ਘਾਟੀ ਦੇ ਸੂਚਨਾ ਤਕਨੀਕ ਉਦਯੋਗ ਦੇ ਵਿਕਾਸ ਤੇ ਨੋਟ ਲਿਖੋ?

**250 ਸ਼ਬਦਾਂ ਵਾਲੇ ਪ੍ਰਸ਼ਨ**

1. ਲੋਹਾ ਇਸਪਾਤ ਉਦਯੋਗ ਨੂੰ ਲਗਾਉਣ ਲਈ ਲੋੜੀਂਦੀਆਂ ਹਾਲਤਾਂ, ਸੰਸਾਰ ਅਤੇ ਭਾਰਤ ਵਿੱਚ ਪ੍ਰਮੁੱਖ ਖੇਤਰ ਬਿਆਨ ਕਰੋ?
2. ਜਮਸ਼ੇਦਪੁਰ ( ਭਾਰਤ) ਅਤੇ ਡੈਟਰੀਅਟ (ਯੂ.ਐਸ.ਏ.) ਲੋਹਾ ਇਸਪਾਤ ਕੇਂਦਰਾਂ ਦਾ ਤੁਲਨਾਤਮਕ ਅਧਿਐਨ ਕਰੋ?
3. ਸੂਤੀ ਕੱਪੜਾ ਉਦਯੋਗ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਸੰਸਾਰ ਅਤੇ ਭਾਰਤ ਵਿੱਚ ਇਸ ਉਦਯੋਗ ਦੀ ਵੰਡ ਬਿਆਨ ਕਰੋ?
4. ਸੂਚਨਾਂ ਤਕਨੀਕ ਉਦਯੋਗ ਤੇ ਨੋਟ ਲਿਖੋ ਕਿਸੇ ਇੱਕ ਪਮੁੱਖ ਸ਼ਹਿਰ ਦਾ ਅਧਿਐਨ ਵੀ ਲਿਖੋ?

# ਮਨੁੱਖੀ ਸਾਧਨ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਜਨਗਣਨਾ ਤੋਂ ਕੀ ਭਾਵ ਹੈ?
2. ਲਿੰਗ ਅਨੁਪਾਤ ਕਿਸ ਨੂੰ ਕਹਿੰਦੇ ਹਨ?
3. ਲਿੰਗ ਅਨੁਪਾਤ ਕਿਵੇਂ ਕੱਢਿਆ ਜਾਂਦਾ ਹੈ?
4. ਕੁਦਰਤੀ ਵਾਧਾ ਦਰ ਤੋਂ ਕੀ ਭਾਵ ਹੈ, ਉਦਾਹਰਣ ਦਿਉ?
5. ਜਨਮ ਦਰ ਕਿਸ ਨੂੰ ਕਹਿੰਦੇ ਹਨ?
6. ਮੌਤ ਦਰ ਕਿਸ ਨੂੰ ਕਹਿੰਦੇ ਹਨ?
7. ਵਸੋਂ ਦੀ ਘਣਤਾ ਤੋਂ ਕੀ ਭਾਵ ਹੈ?
8. ਵਸੋਂ ਵੰਡ ਅਤੇ ਵਸੋਂ ਦੀ ਘਣਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਦੱਸੋ?
9. ਕੰਨਿਆ ਭਰੂਣ ਹੱਤਿਆ ਕਿਸ ਨੂੰ ਕਹਿੰਦੇ ਹਨ?
10. ਜਨ ਸੰਖਿਆ ਨੂੰ ਮੁੱਖ ਤੌਰ ਤੇ ਕਿਹੜੇ-ਕਿਹੜੇ ਉਮਰ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ?
11. ਸਾਖਰ ਕਿਸ ਨੂੰ ਆਖਦੇ ਹਨ?
12. ਵਿਕਾਸਸ਼ੀਲ ਦੇਸ਼ਾਂ ਵਿੱਚ ਪੜ੍ਹਨ ਦਾ ਮੌਕਾ ਕਿਉਂ ਨਹੀਂ ਮਿਲਦਾ?
13. ਭਾਰਤ ਦੇਸ਼ ਵਿੱਚ ਪ੍ਰਾਈਮਰੀ ਅਤੇ ਅਪਰ ਪ੍ਰਾਈਮਰੀ ਸਕੂਲਾਂ ਦੀ ਗਿਣਤੀ ਦੱਸੋ?
14. ਸਰਵ ਸਿੱਖਿਆ ਅਭਿਆਨ ਦਾ ਮੁੱਖ ਟੀਚਾ ਕੀ ਹੈ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਜਨਸੰਖਿਆ ਦੀ ਗਿਣਤੀ ਕਿੰਨੇ ਸਾਲਾਂ ਬਾਅਦ ਕੀਤੀ ਜਾਂਦੀ ਹੈ?

   (i) 2● (ii) 1● (iii) 3● (iv) 15

2. ਪੂਰੇ ਸੰਸਾਰ ਦਾ ਲਿੰਗ ਅਨੁਪਾਤ ਕਿੰਨਾ ਹੈ?

   (i) 985 (ii) 1●85 (iii) 1185 (iv) 1285

3. ਭਾਰਤ ਦੇ ਕਿਹੜੇ ਰਾਜ ਦੇ ਲੋਕ ਸਭ ਤੋਂ ਵੱਧ ਪੜ੍ਹੇ-ਲਿਖੇ ਹਨ?

   (i) ਕਰਨਾਟਕ (ii) ਪੰਜਾਬ (iii) ਕੇਰਲ (iv) ਗੁਜਰਾਤ

4. ਸੰਸਾਰ ਦੀ ਕੁੱਲ ਅਬਾਦੀ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਏਸ਼ੀਆ ਮਹਾਂਦੀਪ ਵਿੱਚ ਵੱਸਿਆ ਹੋਇਆ ਹੈ?

   (i) 5●% (ii) 6●% (iii) 4●% (iv) 7●%

5. ਭਾਰਤ ਵਿੱਚ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਕਦੋਂ ਸ਼ੁਰੂ ਕੀਤਾ ਗਿਆ?

   (i) 2●1● (ii) 2●●5 (iii) 2●●● (iv) 2●●8

**ਖਾਲੀ ਥਾਵਾਂ ਭਰੋ:-**

1. ਜਨਮ ਦਰ ਅਤੇ ਮੌਤ ਦਰ ਦੇ ਅੰਤਰ ਨੂੰ…………………..ਕਿਹਾ ਜਾਂਦਾ ਹੈ।
2. 2●11 ਦੀ ਜਨਗਣਨਾ ਅਨੁਸਾਰ ਚੀਨ ਦੀ ਕੁੱਲ ਵੱਸੋਂ………………… ਹੈ।
3. ਭਾਰਤ ਦੇਸ਼ ਦੇ …………………… ਰਾਜਾਂ ਵਿੱਚ ਜਨਸੰਖਿਆ ਘੱਟ ਹੈ।
4. ਜੋ ਵਿਅਕਤੀ ਕਿਸੇ ਵੀ ਭਾਸ਼ਾ ਵਿੱਚ ਪੜ੍ਹ, ਲਿਖ ਅਤੇ ਸਮਝ ਸਕਦਾ ਹੈ, ਉਸ ਨੂੰ……………..ਕਿਹਾ ਜਾਂਦਾ ਹੈ।
5. ………………… ਅਤੇ ਉਦਯੋਗਾਂ ਵਿੱਚ ਵਿਕਸਿਤ ਦੇਸ਼ ਸੰਸਾਰ ਦੇ ਜ਼ਿਆਦਾ ਆਬਾਦੀ ਵਾਲੇ ਦੇਸ਼ ਹਨ।

**7●-75 ਸ਼ਬਦਾਂ ਵਾਲੇ ਪ੍ਰਸ਼ਨ**

1. ਮਨੁੱਖੀ ਸਾਧਨਾਂ ਦੀ ਮਹੱਤਤਾ ਤੇ ਨੋਟ ਲਿਖੋ?
2. ਲਿੰਗ ਅਨੁਪਾਤ ਕੀ ਹੈ? ਇਸ ਦੇ ਘੱਟਣ ਲਈ ਕਿਹੜੇ ਤੱਤ ਜ਼ਿੰਮੇਵਾਰ ਹਨ?
3. ਭਾਰਤ ਵਿੱਚ ●-14 ਸਾਲ ਦੇ ਉਮਰ ਗਰੁੱਪ ਦੀ ਪ੍ਰਤੀਸ਼ਤਤਾ ਕਿੰਨੀ ਹੈ?
4. ਸਰਕਾਰ ਨੂੰ ਉਮਰ ਗਰੁੱਪ ਅਨੁਸਾਰ ਕੀ ਉਪਰਾਲੇ ਕਰਨੇ ਚਾਹੀਦੇ ਹਨ?
5. ਵਸੋਂ ਪ੍ਰੀਵਰਤਨ ਕਿਵੇਂ ਹੁੰਦਾ ਹੈ। ਵਿਸਥਾਰ ਨਾਲ ਸਮਝਾਉ?
6. ਭਾਰਤ ਵਿੱਚ ਵਸੋਂ ਦੀ ਵੰਡ ਤੇ ਨੋਟ ਲਿਖੋ?
7. ਸੰਸਾਰ ਵਿੱਚ ਵਸੋਂ ਦੀ ਘਣਤਾ ਬਾਰੇ ਦੱਸਦੇ ਹੋਏ ਵੱਧ ਅਤੇ ਘੱਟ ਘਣਤਾ ਵਾਲੇ ਖੇਤਰਾਂ ਦਾ ਵਰਨਣ ਕਰੋ?
8. ਸੰਘਣੀ ਵਸੋਂ ਦੇ ਲਾਭ ਤੇ ਹਾਨੀਆਂ ਦੱਸੋ?
9. ਵਿਰਲੀ ਵਸੋਂ ਦੀਆਂ ਲਾਭ ਤੇ ਹਾਨੀਆਂ ਦੱਸੋ?

**25● ਸ਼ਬਦਾਂ ਵਾਲੇ ਪ੍ਰਸ਼ਨ**

1. ਵਸੋਂ ਵੰਡ ਅਤੇ ਵਸੋਂ ਘਣਤਾ ਵਿੱਚ ਕੀ ਅੰਤਰ ਹੈ? ਇਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿਉ?
2. ਸੰਘਣੀ ਅਤੇ ਵਿਰਲੀ ਵਸੋਂ ਦੀਆਂ ਲਾਭ ਅਤੇ ਹਾਨੀਆਂ ਦੱਸੋ?

## ਆਫ਼ਤ ਪ੍ਰਬੰਧਨ

**2●-25 ਸ਼ਬਦਾਂ ਵਾਲੇ ਪ੍ਰਸ਼ਨ**

1. ਆਫ਼ਤਾਂ ਤੋਂ ਕੀ ਭਾਵ ਹੈ?
2. ਕੁਦਰਤੀ ਆਫ਼ਤਾਂ ਕੀ ਹੁੰਦੀਆਂ ਹਨ, ਉਦਾਹਰਣਾਂ ਦਿਉ?
3. ਮਨੁੱਖੀ ਆਫ਼ਤਾਂ ਕੀ ਹੁੰਦੀਆਂ ਹਨ, ਉਦਾਹਰਣਾਂ ਦਿਉ?

4. ਆਫ਼ਤ ਪ੍ਰਬੰਧਨ ਤੋਂ ਕੀ ਭਾਵ ਹੈ?

5. ਰਿਕਟਰ ਪੈਮਾਨਾ ਕੀ ਹੁੰਦਾ ਹੈ?

6. ਮਰਕਾਲੀ ਪੈਮਾਨਾ ਕੀ ਹੁੰਦਾ ਹੈ?

7. ਭੂਚਾਲ ਕਿਸ ਨੂੰ ਕਹਿੰਦੇ ਹਨ?

8. ਉਦਗਮ ਕੇਂਦਰ ਕਿਸ ਨੂੰ ਆਖਦੇ ਹਨ?

9. ਸਿਜਮੋਲੋਜੀ ਅਤੇ ਭੂਚਾਲ ਮਾਪੀ ਯੰਤਰ ਕਿਸ ਨੂੰ ਕਹਿੰਦੇ ਹਨ?

10. ਜਵਾਲਾ ਚੱਕਰ ਕੀ ਹੁੰਦੇ ਹਨ?

11. ਜਵਾਲਾਮੁੱਖੀ ਮੁੱਖ ਤੌਰ ਤੇ ਕਿੰਨੀ ਤਰਾਂ ਦੇ ਹੁੰਦੇ ਹਨ?

12. ਸੁਨਾਮੀ ਤੋਂ ਕੀ ਭਾਵ ਹੈ?

13. ਹੜ੍ਹ ਆਉਣ ਦੇ ਦੋ ਮੁੱਖ ਕਾਰਨ ਦੱਸੋ?

14. ਚੱਕਰਵਾਤ ਕਿਸ ਨੂੰ ਕਹਿੰਦੇ ਹਨ?

15. ਭੂਮੀ ਖਿਸਕਣ ਤੋਂ ਕੀ ਭਾਵ ਹੈ?

16. ਮਹਾਂਮਾਰੀ ਤੋਂ ਤੁਹਾਡਾ ਕੀ ਭਾਵ ਹੈ?

17. ਭੂਮੀ ਖਿਸਕਣ ਦੇ ਕਿਹੜੇ ਕਾਰਨ ਹੋ ਸਕਦੇ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਹੇਠ ਲਿਖਿਆਂ ਵਿੱਚੋਂ ਮਨੁੱਖੀ ਆਫ਼ਤਾਂ ਕਿਹੜੀਆਂ ਹਨ?

   (i) ਭੂਚਾਲ (ii) ਜਵਾਲਾਮੁੱਖੀ (iii) ਬੰਬ ਧਮਾਕੇ (iv) ਸੁਨਾਮੀ

2. ਭੂਚਾਲ ਮਾਪੀ ਯੰਤਰ ਨੂੰ ਕੀ ਕਹਿੰਦੇ ਹਨ?

   (i) ਥਰਮਾਮੀਟਰ (ii) ਸੀਜ਼ਮੋਗ੍ਰਾਫ਼ (iii) ਬੈਰੋਮੀਟਰ (iv) ਕਰੋਨੋਮੀਟਰ

3. ਲਾਵੇ ਦੀ ਧਰਤੀ ਤੇ ਆਉਣ ਦੀ ਕਿਰਿਆ ਨੂੰ ਕੀ ਕਹਿੰਦੇ ਹਨ?

   (i) ਭੂਚਾਲ (ii) ਹੜ੍ਹ (iii) ਚੱਕਰਵਾਤ (iv) ਜਵਾਲਾਮੁੱਖੀ

4. ਉੱਤਰੀ ਅਮਰੀਕਾ ਵਿੱਚ ਚੱਕਰਵਾਤਾਂ ਨੂੰ ਕੀ ਕਿਹਾ ਜਾਂਦਾ ਹੈ?

   (i) ਹਰੀਕੇਨ (ii) ਟੌਰਨੈਡੋ (iii) ਟਾਈਫੂਨ (iv) ਤੂਫਾਨ

5. 26 ਦਸੰਬਰ 2●●4 ਨੂੰ ਸੁਨਾਮੀ ਕਿਹੜੇ ਮਹਾਂਸਾਗਰ ਵਿੱਚ ਆਈ ਸੀ?

   (i) ਅੰਧ ਮਹਾਂਸਾਗਰ (ii) ਸ਼ਾਂਤ ਮਹਾਂਸਾਗਰ (iii) ਦੱਖਣੀ ਮਹਾਂਸਾਗਰ

   (iv) ਹਿੰਦ ਮਹਾਂਸਾਗਰ

**ਖਾਲੀ ਥਾਵਾਂ ਭਰੋ:-**

1. ਚੱਕਰਵਾਤਾਂ ਦੀ ਗਤੀ..................ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੁੰਦੀ ਹੈ।
2. ਸੰਸਾਰ ਦੇ ਜ਼ਿਆਦਾਤਰ ਜਵਾਲਾਮੁਖੀ........................ਦੇ 'ਅੱਗ ਦੇ ਚੱਕਰ' ਵਿੱਚ ਹੀ ਮਿਲਦੇ ਹਨ।
3. ਧਰਤੀ ਦੇ ਹਿੱਲਣ ਨੂੰ ਅਸੀਂ..................... ਦਾ ਨਾਂ ਦਿੰਦੇ ਹਾਂ।
4. ਫ਼ਸਲਾਂ, ਪਸ਼ੂ ਅਤੇ ਮਨੁੱਖਾਂ ਲਈ ਲੋੜੀਂਦੇ ਪਾਣੀ ਸਾਧਨ ਦੀ ਘਾਟ ਨੂੰ..................... ਕਹਿੰਦੇ ਹਨ।
5. ਜਦੋਂ ਇੱਕ ਬਿਮਾਰੀ ਫੈਲ ਕੇ ਬਹੁਤ ਵੱਡੇ ਪੱਧਰ ਤੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇਸਨੂੰ................. ਦਾ ਨਾਂ ਦਿੱਤਾ ਜਾਂਦਾ ਹੈ।

**70-75 ਸ਼ਬਦਾਂ ਵਾਲੇ ਪ੍ਰਸ਼ਨ**

1. ਆਫ਼ਤਾਂ ਮਨੁੱਖ ਨੂੰ ਕਿਸ ਤਰਾਂ ਪ੍ਰਭਾਵਿਤ ਕਰਦੀਆਂ ਹਨ?
2. ਭੂਚਾਲ ਕੀ ਹੁੰਦੇ ਹਨ, ਭੂਚਾਲ ਤੀਬਰਤਾਂ ਨੂੰ ਕਿਵੇਂ ਮਾਪਿਆਂ ਜਾਂਦਾ ਹੈ?
3. ਭੂਚਾਲ ਆਫ਼ਤ ਪ੍ਰਬੰਧਨ ਕਿਵੇਂ ਕਰਨਾ ਚਾਹੀਦਾ ਹੈ?
4. ਜਵਾਲਾਮੁੱਖੀ ਦੀਆਂ ਕਿਸਮਾਂ ਨੂੰ ਵਿਸਥਾਰ ਸਹਿਤ ਸਮਝਾਉ?
5. ਸੁਨਾਮੀ ਤੋਂ ਕੀ ਭਾਵ ਹੈ ਇਸ ਦੇ ਬਚ-ਬਚਾਅ ਦੇ ਤਰੀਕੇ ਦੱਸੋ?
6. ਬੰਬ ਧਮਾਕੇ ਅਤੇ ਆਤੰਕਵਾਦੀ ਹਮਲੇ ਸਮੇਂ ਬਚ-ਬਚਾਅ ਕਿਵੇਂ ਕਰਨਾ ਚਾਹੀਦਾ ਹੈ , ਸਮਝਾਉ?
7. ਮਹਾਂਮਾਰੀ ਅਤੇ ਬਚਾਅ ਪ੍ਰਬੰਧ ਤੇ ਨੋਟ ਲਿਖੋ?
8. ਭਾਰਤ ਵਿੱਚ ਪ੍ਰਮੁੱਖ ਆਫ਼ਤ ਪ੍ਰਬੰਧਨ ਅਥਾਰਟੀਜ਼ ਤੇ ਸੰਸਥਾਵਾਂ ਨੂੰ ਲਿਖੋ?

**250 ਸ਼ਬਦਾਂ ਵਾਲੇ ਪ੍ਰਸ਼ਨ**

1. ਮਨੁੱਖੀ ਆਫ਼ਤਾਂ ਕੀ ਹਨ? ਕਿਸੇ ਦੋ ਮਨੁੱਖੀ 'ਆਫ਼ਤਾਂ ਦੇ ਪ੍ਰਬੰਧਨ' ਦਾ ਵਿਸਥਾਰ ਪੂਰਵਕ ਵਰਨਣ ਕਰੋ?
2. ਹੜ ਅਤੇ ਚੱਕਰਵਾਤ ਵਰਗੀਆਂ ਆਫ਼ਤਾਂ ਤੋਂ ਬਚਣ ਲਈ ਸਾਨੂੰ ਕੀ-ਕੀ ਉਪਾਅ ਕਰਨੇ ਚਾਹੀਦੇ ਹਨ?
3. ਭੂਮੀ ਅਤੇ ਬਰਫ਼ ਦੇ ਤੋਦਿਆਂ ਦਾ ਖਿਸਕਣਾ ਕੀ ਹੈ ਅਤੇ ਇਸ ਬਚ-ਬਚਾਅ ਬਾਰੇ ਵਿਸਥਾਰ ਸਹਿਤ ਦੱਸੋ?

## ਮੈਪ ਵਰਕ

**ਭਾਰਤ ਦੇ ਨਕਸ਼ੇ ਤੇ ਦਰਸਾਉ:**

1. ਭਾਰਤ ਦੇ ਉਤਰੀ ਮੈਦਾਨ
2. ਗੰਗਾ, ਬ੍ਰਹਮਪੁਤਰਾ, ਸਤਲੁਜ, ਬਿਆਸ, ਰਾਵੀ, ਕ੍ਰਿਸ਼ਨਾ, ਕਾਵੇਰੀ, ਗੋਦਾਵਰੀ ਨਦੀਆਂ।
3. ਜਲੋੜ ਮਿੱਟੀ , ਕਾਲੀ ਮਿੱਟੀ, ਲਾਲ ਮਿੱਟੀ, ਲੈਟਰਾਇਟ ਮਿੱਟੀ, ਪਰਬਤੀ ਮਿੱਟੀ, ਮਾਰੂਥਲੀ ਮਿੱਟੀ ਹਰ ਇੱਕ ਦੇ ਦੋ-ਦੋ ਖੇਤਰ

4. ਸਦਾ ਬਹਾਰ ਜੰਗਲਾਂ ਵਾਲਾ ਇੱਕ ਖੇਤਰ

5. ਮਾਰੂਥਲੀ ਜੰਗਲਾਂ ਦਾ ਇੱਕ ਖੇਤਰ

6. ਪਰਬਤੀ ਅਤੇ ਡੈਲਟਾ ਕਿਸਮ ਦੀ ਬਨਸਪਤੀ ਦਾ ਇੱਕ-ਇੱਕ ਖੇਤਰ

7. ਤਲਾਬਾਂ ਦਾ ਇੱਕ ਖੇਤਰ

8. ਹੇਠ ਲਿਖੇ ਖਣਿਜ ਅਤੇ ਸ਼ਕਤੀ ਸਾਧਨਾਂ ਦਾ ਇੱਕ-ਇੱਕ ਮੱਹਤਵਪੂਰਨ ਖੇਤਰ:

   - ਕੱਚਾ ਲੋਹਾ
   - ਮੈਂਗਨੀਜ਼
   - ਸੋਨਾ
   - ਤਾਂਬਾ
   - ਅਬਰਕ
   - ਯੂਰੇਨੀਅਮ
   - ਬਾਕਸਾਈਟ
   - ਕੋਲਾ
   - ਪੈਟਰੋਲੀਅਮ
   - ਪਣ ਬਿਜਲੀ

9. ਚਾਹ, ਕੌਫੀ, ਕਣਕ, ਚਾਵਲ, ਕਪਾਹ, ਪਟਸਨ, ਮੱਕੀ ਉਤਪਾਦਕ ਦੇ ਦੋ-ਦੋ ਖੇਤਰ

10. ਲੋਹਾ ਇਸਪਾਤ ਉਦਯੋਗ ਦੇ ਦੋ ਪ੍ਰਸਿੱਧ ਰਾਜ ਅਤੇ ਦੋ ਪ੍ਰਸਿੱਧ ਕੇਂਦਰ

11. ਕੱਪੜਾ ਉਦਯੋਗ ਦੇ ਦੋ ਪ੍ਰਸਿੱਧ ਰਾਜ ਅਤੇ ਦੋ ਪ੍ਰਸਿੱਧ ਕੇਂਦਰ

12. ਆਟੋ-ਮੋਬਾਇਲ ਉਦਯੋਗ ਦੇ ਕਾਨਪੁਰ, ਚੇਨਈ ਅਤੇ ਮੁੰਬਈ ਕੇਂਦਰ

13. ਸਮੁੰਦਰੀ ਜਹਾਜ਼ ਬਣਾਉਣ ਦੇ ਦੋ ਕੇਂਦਰ

14. ਚਿਤਰੰਜਨ, ਕਪੂਰਥਲਾ ਅਤੇ ਲਖਨਊ

15. ਸੂਚਨਾਂ ਤਕਨੀਕ ਉਦਯੋਗ ਦੇ ਦੋ ਕੇਂਦਰ

16. ਅਹਿਮਦਾਬਾਦ, ਜਮਸ਼ੇਦਪੁਰ ਅਤੇ ਬੰਗਲੌਰ ਸ਼ਹਿਰ

17. ਸਭ ਤੋਂ ਵੱਧ ਵਸੋਂ ਘਣਤਾ ਵਾਲਾ ਰਾਜ

18. ਸਭ ਤੋਂ ਘੱਟ ਵਸੋਂ ਘਣਤਾ ਵਾਲਾ ਰਾਜ

19. ਸਭ ਤੋਂ ਵੱਧ ਵਸੋਂ ਦੀ ਗਿਣਤੀ ਵਾਲਾ ਰਾਜ

20. ਸਭ ਤੋਂ ਘੱਟ ਵਸੋਂ ਦੀ ਗਿਣਤੀ ਵਾਲਾ ਰਾਜ
21. ਸਭ ਤੋਂ ਵੱਧ ਸਾਖ਼ਰਤਾ ਦਰ ਵਾਲਾ ਰਾਜ
22. ਸਭ ਤੋਂ ਘੱਟ ਸਾਖ਼ਰਤਾ ਦਰ ਵਾਲਾ ਰਾਜ
23. ਸਭ ਤੋਂ ਘੱਟ ਲਿੰਗ ਅਨੁਪਾਤ ਵਾਲਾ ਰਾਜ
24. ਸਭ ਤੋਂ ਵੱਧ ਲਿੰਗ ਅਨੁਪਾਤ ਵਾਲਾ ਰਾਜ

----------------------

# ਭਾਗ (ਅ) – ਇਤਿਹਾਸ

**2●–25 ਸ਼ਬਦਾਂ ਵਾਲੇ ਪ੍ਰਸ਼ਨ**

## ਕਿੱਥੇ, ਕਦੋਂ ਅਤੇ ਕਿਵੇਂ

❖ ਇਤਿਹਾਸਕਾਰਾਂ ਨੇ ਸੰਸਾਰ ਦੇ ਇਤਿਹਾਸ ਨੂੰ ਕਿਹੜੇ ਤਿੰਨ ਭਾਗਾਂ ਵਿਚ ਵੰਡਿਆ ਸੀ?

❖ ਮੱਧ ਕਾਲੀਨ ਭਾਰਤ ਵਿਚ 16ਵੀ ਸਦੀ ਵਿਚ ਕਿਹੜੇ ਬਾਦਸ਼ਾਹਾਂ ਨੇ ਭਾਰਤ ਉੱਤੇ ਰਾਜ ਕੀਤਾ ਸੀ?

❖ ਭਾਰਤ ਵਿਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

❖ ਹਨੇਰ ਯੁੱਗ ਤੋਂ ਕੀ ਭਾਵ ਹੈ?

❖ ਹੈਦਰਾਬਾਦ ਦੀ ਨੀਂਹ ਕਿਸਨੇ ਅਤੇ ਕਦੋਂ ਰੱਖੀ?

❖ ਕਿਹੜੀਆਂ ਯੂਰਪੀਅਨ ਸ਼ਕਤੀਆਂ ਭਾਰਤ ਵਿੱਚ ਸਾਮਰਾਜ ਸਥਾਪਤ ਕਰਨਾ ਚਾਹੁੰਦੀਆਂ ਸਨ?

❖ ਮੁਗਲ ਸਾਮਰਾਜ ਦੇ ਪਤਨ ਪਿਛੋਂ ਭਾਰਤ ਤੇ ਕੀ ਅਸਰ ਪਿਆ?

❖ ਆਧੁਨਿਕ ਭਾਰਤੀ ਇਤਿਹਾਸ ਦੀਆਂ ਪ੍ਰਮੁੱਖ ਇਤਿਹਾਸਿਕ ਇਮਾਰਤਾਂ ਦੇ ਨਾਮ ਲਿਖੋ?

❖ ਆਧੁਨਿਕ ਭਾਰਤੀ ਇਤਿਹਾਸ ਦੇ ਕਿਸੇ ਦੋ ਸੋਮਿਆਂ ਦੇ ਨਾਮ ਲਿਖੋ।

## ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦੀ ਸਥਾਪਨਾ

❖ ਭਾਰਤੀ–ਯੂਰਪੀ ਵਪਾਰ ਦੇ ਤਿੰਨ ਰਸਤਿਆਂ ਵਿੱਚੋਂ ਪਹਿਲੇ ਰਸਤੇ ਦਾ ਕੀ ਨਾਮ ਸੀ?

❖ ਪੁਰਤਗਾਲੀ ਕਪਤਾਨ ਭਾਰਤ ਵਿੱਚ ਕਦੋਂ ਅਤੇ ਕਿੱਥੇ ਪਹੁੰਚਿਆ ਸੀ?

❖ ਵਪਾਰ ਯੁੱਧ ਤੋਂ ਕੀ ਭਾਵ ਹੈ?

❖ ਭਾਰਤ ਵਿਚ ਪੁਰਤਗਾਲੀਆਂ ਦੀਆਂ ਪ੍ਰਮੁੱਖ ਬਸਤੀਆਂ ਕਿਹੜੀਆਂ ਸਨ?

❖ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕਦੋਂ ਹੋਈ?

❖ 169● ਈ. ਵਿਚ ਅੰਗਰੇਜ਼ਾਂ ਨੇ ਕਿੱਥੇ ਆਪਣੀ ਬਸਤੀ ਸਥਾਪਿਤ ਕੀਤੀ ਤੇ ਉਥੇ ਕਿਹੜੇ ਕਿਲੇ ਦੀ ਉਸਾਰੀ ਕਰਵਾਈ?

❖ ਪਲਾਸੀ ਦੀ ਲੜਾਈ ਕਦੋ ਅਤੇ ਕਿੰਨਾਂ ਵਿਚਕਾਰ ਹੋਈ?

❖ ਬਕਸਰ ਦੀ ਲੜਾਈ ਕਦੋਂ ਅਤੇ ਕਿੰਨਾਂ ਵਿਚਕਾਰ ਹੋਈ?

❖ ਦੋਹਰੀ ਸ਼ਾਸ਼ਨ ਪ੍ਰਣਾਲੀ ਤੋਂ ਕੀ ਭਾਵ ਹੈ?

❖ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਕਰਨ ਵਿੱਚ ਕਿਹੜੇ ਗਵਰਨਰ ਜਨਰਲਾਂ ਨੇ ਯੋਗਦਾਨ ਪਾਇਆ?

❖ ਹੈਦਰਅਲੀ ਕਿੱਥੋਂ ਦਾ ਸੁਲਤਾਨ ਸੀ ਅਤੇ ਉਸ ਦੀ ਮੌਤ ਕਦੋਂ ਹੋਈ?

❖ ਕਰਨਾਟਕ ਦਾ ਤੀਜਾ ਯੁੱਧ ਕਦੋਂ ਅਤੇ ਕਿਸ ਸੰਧੀ ਦੇ ਸਿੱਟੇ ਵਜੋਂ ਖਤਮ ਹੋਇਆ ਸੀ?

❖ ਕਿਹੜੇ ਗਵਰਨਰ ਜਨਰਲ ਨੇ ਭਾਰਤ ਵਿੱਚ ਲੈਪਸ ਦੀ ਨੀਤੀ ਅਪਣਾਈ?

❖ ਲੈਪਸ ਦੀ ਨੀਤੀ ਤਹਿਤ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਹੋਣ ਵਾਲੀਆਂ ਕਿਸੇ ਦੋ ਰਿਆਸਤਾਂ ਦੇ ਨਾਮ ਦੱਸੋ?

## ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਲ ਪ੍ਰਸ਼ਾਸਨ ਦਾ ਵਿਕਾਸ

❖ ਰੈਗੂਲੇਟਿੰਗ ਐਕਟ ਕਦੋਂ ਪਾਸ ਕੀਤਾ ਗਿਆ?

❖ ਪਿਟਸ ਇੰਡੀਆ ਐਕਟ ਕਦੋਂ ਪਾਸ ਕੀਤਾ ਗਿਆ?

❖ ਚਾਰਟਰ ਐਕਟ ਕਦੋਂ ਪਾਸ ਕੀਤਾ ਗਿਆ?

❖ ਭਾਰਤ ਵਿੱਚ ਸਿਵਲ ਸਰਵਿਸ ਦਾ ਮੋਢੀ ਕੌਣ ਸੀ?

❖ ਇੰਡੀਅਨ ਲਾਅ ਕਮਿਸ਼ਨ ਦੀ ਸਥਾਪਨਾ ਕਦੋਂ ਅਤੇ ਕਿਵੇਂ ਕੀਤੀ ਗਈ?

## ਪੇਂਡੂ ਜੀਵਨ ਅਤੇ ਸਮਾਜ

❖ ਸਥਾਈ ਬੰਦੋਬਸਤ ਕਿਸ ਨੇ ਅਤੇ ਕਦੋ ਸ਼ੁਰੂ ਕੀਤਾ?

❖ ਰਈਅਤਵਾੜੀ ਪ੍ਰਬੰਧ ਕਦੋਂ ਅਤੇ ਕਿਸ ਨੇ ਸ਼ੁਰੁ ਕੀਤਾ?

❖ ਕ੍ਰਿਸ਼ੀ ਦਾ ਵਣਜੀਕਰਣ ਕਿਵੇਂ ਹੋਇਆ?

❖ ਕ੍ਰਿਸ਼ੀ ਵਣਜੀਕਰਣ ਦੀਆਂ ਮੁੱਖ ਫਸਲਾਂ ਦੇ ਨਾਮ ਦੱਸੋ?

❖ ਕ੍ਰਿਸ਼ੀ ਵਣਜੀਕਰਣ ਦੇ ਦੋ ਮੁੱਖ ਲਾਭ ਦੱਸੋ?

## ਬਸਤੀਵਾਦ ਅਤੇ ਕਬਾਇਲੀ ਸਮਾਜ

❖ ਕਬਾਇਲੀ ਸਮਾਜ ਤੋਂ ਕੀ ਭਾਵ ਹੈ?

❖ ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਸਨ?

❖ ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?

❖ ਅੰਗਰੇਜ਼ਾਂ ਦੁਆਰਾ ਖਰੋਧ ਕਬੀਲੇ ਦਾ ਮੁੱਖੀਆਂ ਕਿਸ ਵਿਅਕਤੀ ਨੂੰ ਬਣਾਇਆ ਗਿਆ?

❖ ਕਬਾਇਲੀ ਸਮਾਜ ਦੇ ਲੋਕਾਂ ਨੇ ਕਿਹੜੇ-ਕਿਹੜੇ ਰਾਜਾਂ ਵਿੱਚ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤੇ?

❖ ਮੁੰਡਾ ਵਿਦਰੋਹ ਦੇ ਕੋਈ ਦੋ ਨਤੀਜੇ ਦੱਸੋ?

## ਦਸਤਕਾਰੀ ਅਤੇ ਉਦਯੋਗ

- ਲਘੂ ਉਦਯੋਗਾਂ ਦੇ ਪਤਨ ਦੇ ਦੋ ਕਾਰਨ ਦੱਸੋ?
- ਭਾਰਤ ਵਿੱਚ ਸੂਤੀ ਕੱਪੜਾ ਉਦਯੋਗ ਦਾ ਪਹਿਲਾ ਕਾਰਖਾਨਾ ਕਦੋਂ ਅਤੇ ਕਿੱਥੇ ਲਗਾਇਆ ਗਿਆ?
- ਪਟਸਨ ਉਦਯੋਗ ਕਿਸ ਕੰਮ ਆਉਂਦਾ ਸੀ?
- ਚਾਹ ਦਾ ਪਹਿਲਾ ਬਾਗ ਕਿਸਨੇ ਤੇ ਕਦੋਂ ਲਗਵਾਇਆ?
- ਕਾਫੀ ਦਾ ਪਹਿਲਾ ਬਾਗ ਕਦੋਂ ਤੇ ਕਿੱਥੇ ਲਗਾਇਆ ਗਿਆ ਸੀ?

## 1857 ਈ: ਦਾ ਵਿਦਰੋਹ

- 1857 ਈ: ਦੀ ਕ੍ਰਾਂਤੀ ਦੇ ਦੋ ਰਾਜਨੀਤਿਕ ਕਾਰਨ ਦੱਸੋ?
- 1857 ਈ: ਦੇ ਵਿਦਰੋਹ ਦੇ ਦੋ ਸਮਾਜਿਕ ਕਾਰਨਾਂ ਦੇ ਬਾਰੇ ਦੱਸੋ?
- 1857 ਈ: ਦੇ ਵਿਦਰੋਹ ਦੇ ਦੋ ਆਰਥਿਕ ਕਾਰਨ ਦੱਸੋ?
- 1857 ਈ: ਦੇ ਵਿਦਰੋਹ ਦਾ ਤਤਕਾਲੀ ਕਾਰਨ ਕੀ ਸੀ?
- 1857 ਈ: ਦੇ ਵਿਦਰੋਹ ਦੀ ਅਸਫਲਤਾ ਦੇ ਦੋ ਕਾਰਨ ਦੱਸੋ?
- 1857 ਈ: ਦੇ ਕੋਈ ਦੋ ਧਾਰਮਿਕ ਕਾਰਨ ਦੱਸੋ?
- 1857 ਈ: ਦੇ ਕੋਈ ਦੋ ਸੈਨਿਕ ਕਾਰਨ ਦੱਸੋ?

## ਸਿੱਖਿਆ ਅਤੇ ਅੰਗਰੇਜ਼ੀ ਰਾਜ

- ਨਵੀਂ ਸਿੱਖਿਆ ਪ੍ਰਣਾਲੀ ਤੋਂ ਕੀ ਭਾਵ ਹੈ?
- ਵੁੱਡ ਡਿਸਪੈਚ ਤੋਂ ਕੀ ਭਾਵ ਹੈ?
- ਅਲੀਗੜ੍ਹ ਅੰਦੋਲਨ ਦੀ ਸ਼ੁਰੂਆਤ ਕਿਸ ਨੇ ਕੀਤੀ?
- ਬੜੌਦਾ ਵਿਸ਼ਵ ਵਿਦਿਆਲੇ ਦੀ ਸਥਾਪਨਾ ਕਿਸ ਨੇ ਅਤੇ ਕਦੋਂ ਕੀਤੀ?
- ਦਯਾਨੰਦ ਐਂਗਲੋ ਸਕੂਲ ਕਦੋਂ ਅਤੇ ਕਿੱਥੇ ਖੋਲ੍ਹਿਆ ਗਿਆ?
- ਮੁਹੰਮਡਨ ਐਂਗਲੋਂ ਓਰੀਐਂਟਲ ਕਾਲਜ ਦੀ ਸਥਾਪਨਾ ਕਦੋਂ ਤੇ ਕਿੱਥੇ ਹੋਈ?
- ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਮੁੱਢਲੀ ਸਿੱਖਿਆ ਕਿੱਥੇ ਦਿੱਤੀ ਜਾਂਦੀ ਸੀ?
- ਵਪਾਰ ਅਤੇ ਦਸਤਕਾਰੀ ਦੀ ਸਿੱਖਿਆ ਨਾਲ ਸਬੰਧਿਤ ਸਕੂਲਾਂ ਨੂੰ ਕੀ ਨਾਮ ਦਿੱਤਾ ਗਿਆ ਸੀ?
- ਸੈਡਲਰ ਕਮੇਟੀ ਦੀਆਂ ਕੋਈ ਦੋ ਸਿਫ਼ਾਰਸ਼ਾਂ ਲਿਖੋ।
- ਸਾਰਜੈਂਟ ਸਕੀਮ 1943 ਈ: ਦੀਆਂ ਕੋਈ ਦੋ ਸਿਫ਼ਾਰਸ਼ਾਂ ਲਿਖੋ।

## ਇਸਤਰੀਆਂ ਅਤੇ ਸੁਧਾਰ

- ❖ 19ਵੀਂ ਸਦੀ ਦੇ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਕਿਸ ਤਰ੍ਹਾਂ ਦੀ ਸੀ?
- ❖ 19ਵੀਂ ਸਦੀ ਦੇ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਦੇ ਕੋਈ ਦੋ ਬੁਰੇ ਪਹਿਲੂ ਕੀ ਸਨ?
- ❖ ਸਤੀ ਪ੍ਰਥਾ ਨੂੰ ਕਦੋਂ ਅਤੇ ਕਿਸ ਕਾਨੂੰਨ ਰਾਹੀਂ ਬੰਦ ਕਰ ਦਿੱਤਾ ਗਿਆ?
- ❖ ਸਵਾਮੀ ਦਯਾਨੰਦ ਜੀ ਨੇ ਕਿਸ ਗੱਲ ਤੇ ਜ਼ੋਰ ਦਿੱਤਾ?
- ❖ ਨਿਰੰਕਾਰੀ ਅੰਦੋਲਨ ਦੇ ਸੰਸਥਾਪਕ ਕੌਣ ਸਨ?
- ❖ ਨਾਮਧਾਰੀ ਲਹਿਰ ਦੀ ਸਥਾਪਨਾ ਕਿਸਨੇ ਅਤੇ ਕਦੋਂ ਕੀਤੀ?
- ❖ ਸਿੰਘ ਸਭਾ ਲਹਿਰ ਦੀ ਨੀਂਹ ਕਦੋਂ ਅਤੇ ਕਿੱਥੇ ਰੱਖੀ ਗਈ?
- ❖ ਦੂਜੇ ਵਿਆਹ ਤੇ ਪਾਬੰਦੀ ਕਦੋਂ ਅਤੇ ਕਿਸ ਦੇ ਯਤਨਾਂ ਸਦਕਾ ਲਗਾਈ ਗਈ ਸੀ?
- ❖ ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕਿਸਨੇ ਅਤੇ ਕਦੋਂ ਕੀਤੀ?

## ਜਾਤੀ-ਪ੍ਰਥਾ ਨੂੰ ਚਣੌਤੀ

- ❖ ਰਿਗਵੈਦਿਕ ਕਾਲ ਵਿੱਚ ਸਮਾਜ ਕਿਹੜੇ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ?
- ❖ ਜੋਤਿਬਾ ਫੂਲੇ ਕੌਣ ਸਨ ਅਤੇ ਉਹ ਕਿਸ ਪ੍ਰਾਂਤ ਦੇ ਰਹਿਣ ਵਾਲੇ ਸਨ?
- ❖ ਵਰਤਮਾਨ ਆਂਧਰਾ ਪ੍ਰਦੇਸ਼ ਰਾਜ ਦੇ ਸਮਾਜ ਦੇ ਪੈਗੰਬਰ ਕਿਸ ਨੂੰ ਕਿਹਾ ਜਾਂਦਾ ਹੈ?
- ❖ ਡਾ. ਭੀਮ ਰਾਓ ਅੰਬੇਦਕਰ ਨੇ ਸਰਕਾਰ ਤੋਂ ਕਿਸ ਚੀਜ਼ ਦੀ ਮੰਗ ਕੀਤੀ?
- ❖ ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਅਤੇ ਉਸ ਦਾ ਅਰਥ ਕੀ ਸੀ?
- ❖ ਪਰੀਆਰ ਰਾਮਾ ਸਵਾਮੀ ਕਿੱਥੋਂ ਦੇ ਰਹਿਣ ਵਾਲੇ ਸਨ? ਉਨਾਂ ਦਾ ਜਨਮ ਕਦੋਂ ਹੋਇਆ?

## ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

- ❖ ਨਸ਼ਹਿਰੀਕਰਣ ਤੋਂ ਕੀ ਭਾਵ ਹੈ?
- ❖ ਬਸਤੀਵਾਦ ਦਾ ਭਾਵ ਅਰਥ ਕੀ ਹੈ?
- ❖ ਮਦਰਾਸ ਵਿਖੇ ਕਿਹੜੀਆਂ ਵੇਖਣ ਯੋਗ ਥਾਵਾਂ ਹਨ?
- ❖ ਬੰਬਈ ਕਿੱਥੇ ਸਥਿਤ ਹੈ ਅਤੇ ਅੱਜ ਕੱਲ ਇਸ ਦਾ ਨਾਮ ਕੀ ਹੈ?
- ❖ ਅੰਗਰੇਜ਼ਾਂ ਨੇ ਆਪਣੀ ਪਹਿਲੀ ਵਪਾਰਕ ਫੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ?

- ਦਿੱਲੀ ਨੂੰ ਪੁਰਾਣੇ ਸਮੇਂ ਵਿੱਚ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਇਹ ਕਿਸ ਨਦੀ ਦੇ ਕੰਢੇ ਤੇ ਸਥਿਤ ਹੈ?
- ਨਗਰਪਾਲਿਕਾ ਕਾਰਪੋਰੇਸ਼ਨ ਦੀ ਸਥਾਪਨਾ ਕਿਸ ਕੰਪਨੀ ਨੇ ਅਤੇ ਕਦੋਂ ਕੀਤੀ?
- ਭਾਰਤ ਵਿੱਚ ਪਹਿਲੀ ਰੇਲਵੇਂ ਲਾਈਨ ਕਦੋਂ ਅਤੇ ਕਿੱਥੋਂ ਤੋਂ ਕਿੱਥੇ ਤੱਕ ਬਣਾਈ ਗਈ?
- ਬੰਬਈ ਸ਼ਹਿਰ ਦੇ ਦੋ ਪ੍ਰਸਿੱਧ ਇਤਿਹਾਸਕ ਸਥਾਨਾਂ ਦੇ ਨਾਮ ਲਿਖੋ।
- ਸਰਵਜਨਕ ਕਾਰਜ ਨਿਰਮਾਣ ਵਿਭਾਗ ਦੀ ਸਥਾਪਨਾ ਕਿਹੜੇ ਗਵਰਨਰ-ਜਨਰਲ ਨੇ ਕੀਤੀ ਸੀ।
- ਪੁਲਿਸ ਵਿਭਾਗ ਦੀ ਸਥਾਪਨਾ ਕਿਹੜੇ ਗਵਰਨਰ ਜਨਰਲ ਨੇ ਕੀਤੀ ਸੀ?

## ਕਲਾਵਾਂ: ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

- 19ਵੀਂ ਸਦੀ ਅਤੇ 20ਵੀਂ ਸਦੀ ਦੇ ਅਰੰਭ ਵਿੱਚ ਭਾਰਤ ਵਿੱਚ ਕਿਹੜੇ ਸਾਹਿਤ ਦਾ ਬਹੁਤ ਵਿਕਾਸ ਹੋਇਆ?
- ਬੰਗਾਲੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਕਿਹੜੇ ਸਨ?
- ਮੁਨਸ਼ੀ ਪ੍ਰੇਮ ਚੰਦ ਦੇ ਦੋ ਨਾਵਲਾਂ ਦੇ ਨਾਮ ਦੱਸੋ। ਉਨ੍ਹਾਂ ਵਿੱਚ ਕਿਸ ਵਰਗ ਦੀ ਗੱਲ ਕੀਤੀ ਗਈ ਹੈ?
- ਭਾਰਤ ਦੇ ਪ੍ਰਸਿੱਧ ਕਵੀਆਂ ਦੇ ਨਾਮ ਦੱਸੋ?
- ਭਾਰਤ ਵਿੱਚ ਛਾਪਾਖਾਨਾ ਸਭ ਤੋਂ ਪਹਿਲਾਂ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?
- ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?
- ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰਾਂ ਦੇ ਨਾਂ ਲਿਖੋਂ?
- ਭਾਰਤ ਦੇ ਕੋਈ ਦੋ ਲਘੂ-ਵਾਰਤਾ ਲੇਖਕਾਂ ਦੇ ਨਾਮ ਦੱਸੋ।
- 'ਬੰਗਾਲੀ ਦੇਸ਼-ਪ੍ਰੇਮ ਦੀ ਬਾਈਬਲ' ਕਿਸ ਨਾਵਲ ਨੂੰ ਕਿਹਾ ਗਿਆ ਹੈ?
- ਪ੍ਰਿੰਸ ਆਫ਼ ਵੇਲਜ਼ ਮਿਊਜੀਅਮ ਕਿੱਥੇ ਸਥਿਤ ਹੈ?
- ਪ੍ਰਿੰਸ ਆਫ਼ ਵੇਲਜ਼ ਮਿਊਜੀਅਮ ਨੂੰ ਅੱਜ ਕੱਲ੍ਹ ਕੀ ਕਿਹਾ ਜਾਂਦਾ ਹੈ?

## ਰਾਸ਼ਟਰੀ ਅੰਦੋਂਲਨ (1885 ਈ:-1919 ਈ:)

- ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਦੋ ਕਾਰਨ ਦੱਸੋ?
- ਭਾਰਤੀ ਰਾਸ਼ਟਰਵਾਦ ਦੀ ਉੱਤਪਤੀ ਹੋਣ ਦੇ ਬਾਅਦ ਕਿਹੜੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ?
- ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ?
- ਉੱਗਰਵਾਦੀ ਯੁੱਗ ਦੇ ਦੋ ਪ੍ਰਮੁੱਖ ਨੇਤਾਵਾਂ ਦੇ ਨਾਮ ਲਿਖੋ?
- ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਦੋ ਪ੍ਰਮੁੱਖ ਮੰਗਾਂ ਬਾਰੇ ਦੱਸੋ?
- ਬੰਗਾਲ ਦੀ ਵੰਡ ਕਾਰਨ ਭਾਰਤੀ ਸੁਤੰਤਰਤਾ ਅੰਦੋਲਨ ਤੇ ਕਿਹੜੇ ਦੋ ਪ੍ਰਭਾਵ ਪਏ?

- ਸਵਦੇਸ਼ੀ ਅੰਦੋਲਨ ਕਿਉਂ ਸ਼ੁਰੂ ਹੋਇਆ?
- ਮੁਸਲਿਮ ਲੀਗ ਦੀ ਸਥਾਪਨਾ ਕਦੋਂ ਹੋਈ ਅਤੇ ਇਸ ਦਾ ਪ੍ਰਮੁੱਖ ਨੇਤਾ ਕੌਣ ਸੀ?
- ਗਦਰ ਪਾਰਟੀ ਦੀ ਸਥਾਪਨਾ ਕਦੋਂ ਅਤੇ ਕਿੱਥੇ ਕੀਤੀ ਗਈ?
- ਹੋਮ ਰੂਲ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?
- ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਮੁੱਖ ਉਦੇਸ਼ ਕੀ ਸਨ?
- ਉਦਾਰਵਾਦੀ ਯੁੱਗ ਦੇ ਦੋ ਪ੍ਰਮੁੱਖ ਨੇਤਾਵਾਂ ਦੇ ਨਾਮ ਲਿਖੋ?
- ਉੱਗਰਵਾਦੀਆਂ ਦੇ ਦੋ ਮੁੱਖ ਉਦੇਸ਼ ਦੱਸੋ?
- ਮੁਸਲਿਮ ਲੀਗ ਦੇ ਕੋਈ ਦੋ ਉਦੇਸ਼ ਲਿਖੋ?
- ਮਿੰਟੋ-ਮਾਰਲੇ ਸੁਧਾਰ ਐਕਟ ਕਦੋਂ ਪਾਸ ਕੀਤਾ ਗਿਆ?

## **ਭਾਰਤੀ ਸੁਤੰਤਰਤਾ ਲਈ ਸੰਘਰਸ਼** (1919 **ਈ**:-1947 **ਈ**:)

- ਗਾਂਧੀ ਯੁੱਗ ਤੋਂ ਕੀ ਭਾਵ ਹੈ?
- ਮਹਾਤਮਾ ਗਾਂਧੀ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ?
- ਮਹਾਤਮਾ ਗਾਂਧੀ ਜੀ ਨੇ ਕਿਹੜੇ ਦੋ ਅੰਦੋਲਨ ਸ਼ੁਰੂ ਕੀਤੇ ਸਨ?
- ਰੋਲਟ ਐਕਟ ਤੋਂ ਕੀ ਭਾਵ ਹੈ?
- ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਕਦੋਂ ਅਤੇ ਕਿਉਂ ਹੋਇਆ?
- ਨਾ ਮਿਲਵਰਤਣ ਅੰਦੋਲਨ ਕਦੋਂ ਅਤੇ ਕਿਸ ਨੇ ਸ਼ੁਰੂ ਕੀਤਾ ਸੀ?
- ਗੁਰਦੁਆਰਾ ਸੁਧਾਰ ਲਹਿਰ ਕਦੋਂ ਅਤੇ ਕਿਉਂ ਸ਼ੁਰੂ ਕੀਤੀ ਗਈ?
- ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕਿਸਨੇ, ਕਿੱਥੇ ਅਤੇ ਕਦੋਂ ਕੀਤੀ?
- ਸਿਵਲ ਨਾ ਫਰਮਾਨੀ ਅੰਦੋਲਨ ਕਿਸਨੇ ਅਤੇ ਕਦੋਂ ਚਲਾਇਆ ਸੀ?
- ਭਾਰਤ ਛੱਡੋ ਅੰਦੋਲਨ ਕਿਸਨੇ ਅਤੇ ਕਦੋਂ ਸ਼ੁਰੂ ਕੀਤਾ ਸੀ?
- ਖਿਲਾਫਤ ਅੰਦੋਲਨ ਦੇ ਦੋ ਪ੍ਰਮੁੱਖ ਨੇਤਾਵਾਂ ਦੇ ਨਾਂ ਦੱਸੋ?
- ਸਾਈਮਨ ਕਮਿਸ਼ਨ ਭਾਰਤ ਕਦੋਂ ਭੇਜਿਆ ਗਿਆ ਅਤੇ ਇਸ ਦੇ ਕਿੰਨੇ ਮੈਂਬਰ ਸਨ?
- ਗਾਂਧੀ-ਇਰਵਿਨ ਸਮਝੌਤਾ ਕਦੋਂ ਹੋਇਆ। ਇਸ ਸਮਝੌਤੇ ਅਨੁਸਾਰ ਗਾਂਧੀ ਜੀ ਕਿਹੜਾ ਅੰਦੋਲਨ ਬੰਦ ਕਰਨ ਲਈ ਮੰਨ ਗਏ ਸਨ?
- ਅਜ਼ਾਦ-ਹਿੰਦ ਫੋਜ ਦੇ ਪ੍ਰਸਿੱਧ ਨੇਤਾ ਕੌਣ ਸਨ? ਉਹਨਾਂ ਦੀ ਮੌਤ ਕਦੋਂ ਹੋਈ?

## ਸੁਤੰਤਰਤਾ ਤੋਂ ਬਾਅਦ ਦਾ ਭਾਰਤ

- ਭਾਰਤੀ ਸੰਵਿਧਾਨ ਸਭਾ ਨੇ ਕਦੋਂ ਨਵਾਂ ਸੰਵਿਧਾਨ ਬਨਾਉਣਾ ਸ਼ੁਰੂ ਕੀਤਾ ਅਤੇ ਇਹ ਕਦੋਂ ਪੂਰਾ ਹੋਇਆ?
- ਭਾਰਤੀ ਸੰਵਿਧਾਨ ਕਦੋਂ ਪਾਸ ਹੋਇਆ?
- ਦੇਸੀ ਰਿਆਸਤਾਂ ਦੇ ਏਕੀਕਰਨ ਕਰਨ ਦਾ ਸਿਹਰਾ ਕਿਸ ਦੇ ਸਿਰ ਹੈ?
- ਹੈਦਰਾਬਾਦ ਰਿਆਸਤ ਨੂੰ ਭਾਰਤ ਨਾਲ ਕਿਵੇਂ ਮਿਲਾਇਆ ਗਿਆ?
- ਪੰਚਸ਼ੀਲ ਦੇ ਕੋਈ ਦੋ ਸਿਧਾਂਤ ਲਿਖੋ?
- ਗੁਟ ਨਿਰਲੇਪ ਲਹਿਰ ਦੀ ਪਹਿਲੀ ਕਾਨਫਰੰਸ ਕਦੋਂ ਅਤੇ ਕਿੱਥੇ ਹੋਈ ਸੀ?
- ਆਜ਼ਾਦੀ ਤੋਂ ਬਾਅਦ ਭਾਰਤ ਨੂੰ ਕਿਹੜੀਆਂ ਦੋਂ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।
- ਆਜਾਦੀ ਤੋਂ ਬਾਅਦ ਭਾਰਤ ਦੀਆਂ ਕੋਈ ਦੋ ਆਰਥਿਕ ਔਕੜਾਂ ਦੱਸੋ।

### 70–75 ਸ਼ਬਦਾਂ ਵਾਲੇ ਪ੍ਰਸ਼ਨ

## ਕਿੱਥੇ, ਕਦੋਂ ਅਤੇ ਕਿਵੇਂ

- ਪੁਸਤਕਾਂ ਇਤਿਹਾਸਿਕ ਸ੍ਰੋਤ ਦੇ ਰੂਪ ਵਿੱਚ ਸਾਡੀ ਸਹਾਇਤਾ ਕਿਵੇਂ ਕਰਦੀਆਂ ਹਨ?
- ਇਤਿਹਾਸਿਕ ਇਮਾਰਤਾਂ ਬਾਰੇ ਸੰਖੇਪ ਜਾਣਕਾਰੀ ਦਿਓ।
- ਸਰਕਾਰੀ ਦਸਤਾਵੇਜ਼, ਅਖਬਾਰਾਂ, ਰਸਾਲੇ ਮੈਗਜ਼ੀਨ ਇਤਿਹਾਸਿਕ ਸ੍ਰੋਤਾਂ ਦੇ ਰੂਪ ਵਿੱਚ ਸਾਡੀ ਕਿਵੇਂ ਮੱਦਦ ਕਰਦੇ ਹਨ?
- ਫੁਟਕਲ ਸ੍ਰੋਤ ਇਤਿਹਾਸਿਕ ਸ੍ਰੋਤਾਂ ਦੇ ਰੂਪ ਵਿੱਚ ਸਾਡੀ ਮਦਦ ਕਿਵੇਂ ਕਰਦੇ ਹਨ?

## ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦੀ ਸਥਾਪਨਾ

- ਵਪਾਰ ਯੁੱਧ ਦੇ ਬਾਰੇ ਦੱਸੋ।
- ਅੰਗਰੇਜ਼ੀ ਈਸਟ ਇੰਡੀਆ ਕੰਪਨੀ ਤੇ ਨੋਟ ਲਿਖੋ।
- ਫਰਾਂਸੀਸੀ ਈਸਟ ਇੰਡੀਆ ਕੰਪਨੀ ਤੇ ਨੋਟ ਲਿਖੋ।
- ਕਰਨਾਟਕ ਦੇ ਪਹਿਲੇ ਯੁੱਧ ਤੇ ਨੋਟ ਲਿਖੋ।
- ਕਰਨਾਟਕ ਦੇ ਦੂਜੇ ਯੁੱਧ ਤੇ ਨੋਟ ਲਿਖੋ।
- ਕਰਨਾਟਕ ਦੇ ਤੀਜੇ ਯੁੱਧ ਤੇ ਨੋਟ ਲਿਖੋ।
- ਪਲਾਸੀ ਦੀ ਲੜਾਈ ਤੇ ਨੋਟ ਲਿਖੋ।
- ਬਕਸਰ ਦੀ ਲੜਾਈ ਤੇ ਨੋਟ ਲਿਖੋ।

- ਸਹਾਇਕ ਸੰਧੀ ਤੇ ਨੋਟ ਲਿਖੋ।
- ਦੋਹਰੀ ਸ਼ਾਸਨ ਪ੍ਰਣਾਲੀ ਤੇ ਨੋਟ ਲਿਖੋ।
- ਲੈਪਸ ਦੀ ਨੀਤੀ ਤੇ ਨੋਟ ਲਿਖੋ।

## ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਲ ਪ੍ਰਸ਼ਾਸਨ ਦਾ ਵਿਕਾਸ

- ਰੈਗੁਲੇਟਿੰਗ ਐਕਟ ਤੇ ਨੋਟ ਲਿਖੋ।
- ਚਾਰਟਰ ਐਕਟ ਤੇ ਨੋਟ ਲਿਖੋ।
- ਸਿਵਲ ਸਰਵਿਸ ਤੇ ਨੋਟ ਲਿਖੋ।
- ਭਾਰਤ ਦੇ ਪ੍ਰਸ਼ਾਸਨਿਕ ਸੰਗਠਨ ਵਿੱਚ ਸੈਨਾ ਦੀ ਵਿਵਸਥਾ ਬਾਰੇ ਦੱਸੋ।
- ਭਾਰਤ ਦੇ ਪ੍ਰਸ਼ਾਸਨਿਕ ਸੰਗਠਨ ਵਿੱਚ ਪੁਲਿਸ ਦੀ ਭੂਮਿਕਾ ਬਾਰੇ ਦੱਸੋ।
- ਭਾਰਤ ਦੇ ਪ੍ਰਸ਼ਾਸਨਿਕ ਸੰਗਠਨ ਵਿੱਚ ਨਿਆਂ ਵਿਵਸਥਾ ਬਾਰੇ ਦੱਸੋ।

## ਪੇਂਡੂ ਜੀਵਨ ਅਤੇ ਸਮਾਜ

- ਇਜ਼ਾਰੇਦਾਰੀ ਪ੍ਰਣਾਲੀ ਤੇ ਸੰਖੇਪ ਨੋਟ ਲਿਖੋ।
- ਸਥਾਈ ਬੰਦੋਬਸਤ ਤੇ ਸੰਖੇਪ ਨੋਟ ਲਿਖੋ।
- ਸਥਾਈ ਬੰਦੋਬਸਤ ਦੇ ਲਾਭ ਦੱਸੋ।
- ਸਥਾਈ ਬੰਦੋਬਸਤ ਦੀਆਂ ਹਾਨੀਆਂ ਦੱਸੋ।
- ਰਈਅਤਵਾੜੀ ਪ੍ਰਬੰਧ ਦੇ ਲਾਭ ਤੇ ਹਾਨੀਆਂ ਦੱਸੋ।
- ਮਹਿਲਵਾੜੀ ਪ੍ਰਬੰਧ ਤੇ ਨੋਟ ਲਿਖੋ।
- ਖੇਤੀ ਵਣਜੀਕਰਨ ਦੇ ਪ੍ਰਭਾਵਾਂ ਤੇ ਨੋਟ ਲਿਖੋ।
- ਨੀਲ ਵਿਦਰੋਹ ਤੇ ਨੋਟ ਲਿਖੋ।

## ਬਸਤੀਵਾਦ ਅਤੇ ਕਬਾਇਲੀ ਸਮਾਜ

- ਕਬਾਇਲੀ ਸਮਾਜ ਤੇ ਸੰਖੇਪ ਨੋਟ ਲਿਖੋ।
- ਉੱਤਰ ਪੂਰਬੀ ਖੇਤਰ ਵਿੱਚ ਕਬਾਇਲੀ ਲੋਕਾਂ ਦੁਆਰਾ ਵਿਦਰੋਹ ਬਾਰੇ ਦੱਸੋ।
- ਛੋਟਾ ਨਾਗਪੁਰ ਖੇਤਰ ਵਿੱਚ ਕਬੀਲਿਆਂ ਦੇ ਵਿਦਰੋਹ ਬਾਰੇ ਦੱਸੋ।
- ਬਿਰਸਾ ਮੁੰਡਾ ਬਾਰੇ ਦੱਸੋ।
- ਮੁੰਡਾ ਵਿਦਰੋਹ ਦੇ ਨਤੀਜਿਆਂ ਬਾਰੇ ਦੱਸੋ।

## ਦਸਤਕਾਰੀ ਅਤੇ ਉਦਯੋਗ

- ❖ 19ਵੀਂ ਸਦੀ ਵਿੱਚ ਛੋਟੇ ਉਦਯੋਗਾਂ ਦੇ ਪਤਨ ਬਾਰੇ ਦੱਸੋ।
- ❖ ਲਘੂ ਉਦਯੋਗਾਂ ਦੇ ਪਤਨ ਦੇ ਕੀ ਕਾਰਨ ਸਨ?
- ❖ ਆਧੁਨਿਕ ਭਾਰਤੀ ਉਦਯੋਗਾਂ ਬਾਰੇ ਦੱਸੋ।
- ❖ ਸੂਤੀ ਕੱਪੜਾ ਉਦਯੋਗ ਅਤੇ ਪਟਸਨ ਉਦਯੋਗ ਬਾਰੇ ਦੱਸੋ।
- ❖ ਨੀਲ ਉਦਯੋਗ ਤੇ ਨੋਟ ਲਿਖੋ।
- ❖ ਆਧੁਨਿਕ ਉਦਯੋਗਿਕ ਵਿਕਾਸ ਦੀ ਮਹੱਤਤਾ ਬਾਰੇ ਦੱਸੋ।

## 1857 ਈ. ਦਾ ਵਿਦਰੋਹ

- ❖ 1857 ਈ. ਦੇ ਵਿਦਰੋਹ ਦੇ ਸਰੂਪ ਬਾਰੇ ਦੱਸੋ।
- ❖ 1857 ਈ. ਦੀ ਕ੍ਰਾਂਤੀ ਦੇ ਰਾਜਨੀਤਿਕ ਕਾਰਨ ਕੀ ਸਨ?
- ❖ 1857 ਈ. ਦੀ ਕ੍ਰਾਂਤੀ ਦੇ ਸਮਾਜਿਕ ਤੇ ਧਾਰਮਿਕ ਕਾਰਨ ਕੀ ਸਨ?
- ❖ 1857 ਈ. ਦੇ ਵਿਦਰੋਹ ਦੇ ਆਰਥਿਕ ਕਾਰਨ ਕੀ ਸਨ?
- ❖ 1857 ਈ. ਦੇ ਵਿਦਰੋਹ ਦੇ ਸੈਨਿਕ ਕਾਰਨ ਕੀ ਸਨ?
- ❖ 1857 ਈ. ਦੇ ਵਿਦਰੋਹ ਦੀਆਂ ਘਟਨਾਵਾਂ ਬਾਰੇ ਦੱਸੋ।
- ❖ 1857 ਈ. ਦੇ ਵਿਦਰੋਹ ਵਿੱਚ ਪੰਜਾਬੀਆਂ ਦੇ ਯੋਗਦਾਨ ਬਾਰੇ ਦੱਸੋ।
- ❖ 1857 ਈ. ਦੇ ਵਿਦਰੋਹ ਦੀ ਅਸਫਲਤਾ ਦੇ ਕੀ ਕਾਰਨ ਸਨ?
- ❖ 1857 ਈ. ਦੇ ਵਿਦਰੋਹ ਦੇ ਕੀ ਨਤੀਜੇ ਨਿੱਕਲੇ?

## ਸਿੱਖਿਆ ਅਤੇ ਅੰਗਰੇਜ਼ੀ ਰਾਜ

- ❖ ਆਧੁਨਿਕ ਸਿੱਖਿਆ ਦੇ ਇਤਿਹਾਸ ਬਾਰੇ ਚਰਚਾ ਕਰੋ।
- ❖ ਆਧੁਨਿਕ ਸਿੱਖਿਆ ਸ਼ੁਰੂ ਕਰਨ ਦੇ ਉਦੇਸ਼ਾਂ ਬਾਰੇ ਦੱਸੋ।
- ❖ ਹੰਟਰ ਕਮਿਸ਼ਨ ਤੇ ਨੋਟ ਲਿਖੋ।
- ❖ ਪੱਛਮੀ ਸਿੱਖਿਆ ਪ੍ਰਣਾਲੀ ਦੇ ਕੀ ਪ੍ਰਭਾਵ ਪਏ?
- ❖ ਰਾਜਾ ਰਾਮ ਮੋਹਨ ਰਾਏ ਤੇ ਸੰਖੇਪ ਨੋਟ ਲਿਖੋ।
- ❖ ਸਵਾਮੀ ਦਯਾਨੰਦ ਸਰਸਵਤੀ ਨੇ ਸੁਧਾਰਕ ਵਜੋਂ ਕੀ ਭੂਮਿਕਾ ਨਿਭਾਈ?
- ❖ ਸਵਾਮੀ ਵਿਵੇਕਾਨੰਦ ਤੇ ਸ਼੍ਰੀਮਤੀ ਐਨੀ ਬੇਸੈਂਟ ਨੇ ਸਮਾਜ ਸੁਧਾਰਕ ਵਜੋਂ ਕੀ ਭੂਮਿਕਾ ਨਿਭਾਈ?

- ਬੜੌਦਾ ਵਿਸ਼ਵਵਿਦਿਆਲਾ ਬਾਰੇ ਸੰਖੇਪ ਨੋਟ ਲਿਖੋ।
- ਸਰ ਸੱਯਦ ਅਹਿਮਦ ਖਾਂ ਤੇ ਸੰਖੇਪ ਨੋਟ ਲਿਖੋ।
- ਅਲੀਗੜ੍ਹ ਮੁਸਲਿਮ ਵਿਸ਼ਵਵਿਦਿਆਲਾ ਬਾਰੇ ਦੱਸੋ।

## ਇਸਤਰੀਆਂ ਅਤੇ ਸੁਧਾਰ

- ਇਸਤਰੀਆਂ ਦਾ ਸੁਧਾਰ ਕਰਨ ਲਈ ਅੰਦੋਲਨਾਂ ਦੀ ਲੋੜ ਕਿਉਂ ਪਈ?
- ਆਰੀਆ ਸਮਾਜ ਤੇ ਸੰਖੇਪ ਨੋਟ ਲਿਖੋ।
- ਸਰ ਸੱਯਦ ਅਹਿਮਦ ਖਾਂ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਕੀਤਾ?
- ਨਾਮਧਾਰੀ ਅੰਦੋਲਨ ਨੇ ਇਸਤਰੀ ਜਾਤੀ ਪ੍ਰਤੀ ਕੀ ਸੁਧਾਰ ਕੀਤੇ?
- ਸਿੰਘ ਸਭਾ ਅੰਦੋਲਨ ਨੇ ਇਸਤਰੀ ਜਾਤੀ ਪ੍ਰਤੀ ਕੀ ਭੂਮਿਕਾ ਨਿਭਾਈ?
- ਸਵਾਮੀ ਵਿਵੇਕਾਨੰਦ ਜੀ ਨੇ ਇਸਤਰੀ ਜਾਤੀ ਪ੍ਰਤੀ ਕੀ ਭੂਮਿਕਾ ਨਿਭਾਈ?
- ਪਰਮਹੰਸ ਸਭਾ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਪ੍ਰਤੀ ਕੀ ਭੂਮਿਕਾ ਨਿਭਾਈ?
- ਰਾਜਾ ਰਾਮ ਮੋਹਨ ਰਾਏ ਨੇ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਕੀ ਉਪਰਾਲੇ ਕੀਤੇ?

## ਜਾਤੀ ਪ੍ਰਥਾ ਨੂੰ ਚੁਣੌਤੀ

- ਜੋਤਿਬਾ ਫੂਲੇ ਦਾ ਜਾਤੀ ਪ੍ਰਥਾ ਪ੍ਰਤੀ ਕੀ ਨਜ਼ਰੀਆ ਸੀ?
- ਵੀਰ ਸਲਿੰਗਮ ਨੇ ਸਮਾਜ ਸੁਧਾਰਕ ਦੇ ਤੌਰ ਤੇ ਕੀ ਯੋਗਦਾਨ ਦਿੱਤਾ?
- ਸ਼੍ਰੀ ਨਰਾਇਣ ਗੁਰੂ ਨੇ ਸਮਾਜ ਸੁਧਾਰਕ ਦੇ ਤੌਰ ਤੇ ਕੀ ਯੋਗਦਾਨ ਦਿੱਤਾ?
- ਡਾ. ਭੀਮ ਰਾਓ ਅੰਬੇਦਕਰ ਨੇ ਸਮਾਜ ਸੁਧਾਰਕ ਦੇ ਤੌਰ ਤੇ ਕੀ ਯੋਗਦਾਨ ਪਾਇਆ?
- ਮਹਾਤਮਾ ਗਾਂਧੀ ਜੀ ਇੱਕ ਸਮਾਜ ਸੁਧਾਰਕ ਸਨ ਕਿਵੇਂ?
- ਭਾਰਤੀ ਸਮਾਜ ਸੁਧਾਰਕਾਂ ਦੀਆਂ ਸਰਗਰਮੀਆਂ ਦੇ ਕੀ ਪ੍ਰਭਾਵ ਪਏ?

## ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

- ਨਵੇਂ ਕਸਬਿਆਂ ਦੇ ਉੱਥਾਨ ਦੇ ਬਾਰੇ ਵਿੱਚ ਨੋਟ ਲਿਖੋ।
- ਨਵੇਂ ਕਸਬਿਆਂ ਦੇ ਉੱਥਾਨ ਵਿੱਚ ਮਦਰਾਸ ਸ਼ਹਿਰ ਤੇ ਨੋਟ ਲਿਖੋ।
- ਨਵੇਂ ਕਸਬਿਆਂ ਦੇ ਉੱਥਾਨ ਵਿੱਚ ਬੰਬਈ ਤੇ ਨੋਟ ਲਿਖੋ।
- ਨਵੇਂ ਕਸਬਿਆਂ ਦੇ ਉੱਥਾਨ ਵਿੱਚ ਨਵੀਂ ਦਿੱਲੀ ਤੇ ਨੋਟ ਲਿਖੋ।

- ❖ ਨਵੇਂ ਕਸਬਿਆਂ ਦੇ ਉੱਥਾਨ ਵਿੱਚ ਕਲਕੱਤਾ ਸ਼ਹਿਰ ਤੇ ਨੋਟ ਲਿਖੋ।
- ❖ 1857 ਈ: ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਦੁਆਰਾ ਪ੍ਰਸ਼ਾਸਨਿਕ ਸੁਧਾਰਾਂ ਵਿੱਚ ਨਗਰਪਾਲਿਕਾਵਾਂ ਦੀ ਭੂਮਿਕਾ ਤੇ ਚਰਚਾ ਕਰੋ।
- ❖ ਅੰਗਰੇਜ਼ਾਂ ਦੁਆਰਾ ਪ੍ਰਸ਼ਾਸਨਿਕ ਸੁਧਾਰਾਂ ਵਿੱਚ ਰੇਲਵੇ ਲਾਈਨਾਂ ਦਾ ਕੀ ਮਹੱਤਵ ਸੀ?
- ❖ ਅੰਗਰੇਜ਼ਾਂ ਦੁਆਰਾ ਪ੍ਰਸ਼ਾਸਨਿਕ ਸੁਧਾਰਾਂ ਵਿੱਚ ਪੁਲਿਸ ਦੀ ਕੀ ਭੂਮਿਕਾ ਸੀ?

## ਕਲਾਵਾਂ: ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

- ❖ 19ਵੀਂ ਸਦੀ ਵਿੱਚ ਅਤੇ 2●ਵੀਂ ਸਦੀ ਦੇ ਆਰੰਭ ਵਿੱਚ ਚਿੱਤਰਕਾਰੀ ਕਲਾ ਦਾ ਵਿਕਾਸ ਕਿਵੇਂ ਹੋਇਆ?
- ❖ ਕਲਾਵਾਂ ਵਿੱਚ ਪਰਿਵਰਤਨ ਤੋਂ ਕੀ ਭਾਵ ਹੈ?
- ❖ ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ ਤੇ ਨੋਟ ਲਿਖੋ।
- ❖ ਵਿਕਟੋਰੀਆ ਟਰਮੀਨਸ ਤੇ ਨੋਟ ਲਿਖੋ।
- ❖ 19ਵੀਂ ਅਤੇ 2●ਵੀਂ ਸਦੀ ਵਿੱਚ ਸਾਹਿਤ ਦੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਉ।
- ❖ 19ਵੀਂ ਅਤੇ 2● ਸਦੀ ਦੌਰਾਨ ਪ੍ਰੈਸ ਦੇ ਵਿਕਾਸ ਦੀ ਚਰਚਾ ਕਰੋ।

## ਰਾਸ਼ਟਰੀ ਅੰਦੋਲਨ (1885 ਈ:–1919 ਈ:)

- ❖ ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਕੀ ਕਾਰਨ ਸਨ?
- ❖ ਭਾਰਤੀ ਰਾਸ਼ਟਰਵਾਦ ਦੀ ਉੱਤਪਤੀ ਤੇ ਨੋਟ ਲਿਖੋ।
- ❖ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਤੇ ਨੋਟ ਲਿਖੋ।
- ❖ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਮੁੱਖ ਉਦੇਸ਼ਾਂ ਦੀ ਚਰਚਾ ਕਰੋ।
- ❖ ਉਦਾਰਵਾਦੀ ਯੁੱਗ ਤੇ ਨੋਟ ਲਿਖੋ।
- ❖ ਬੰਗਾਲ ਦੀ ਵੰਡ ਤੇ ਨੋਟ ਲਿਖੋ।
- ❖ ਸਵਦੇਸ਼ੀ ਅੰਦੋਲਨ ਤੇ ਨੋਟ ਲਿਖੋ।
- ❖ ਗਰਮਦਲ ਦੇ ਉਥਾਨ ਦੇ ਕੀ ਕਾਰਨ ਸਨ?
- ❖ ਮੁਸਲਿਮ ਲੀਗ ਦੀ ਸਥਾਪਨਾ ਤੇ ਨੋਟ ਲਿਖੋ।
- ❖ ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ।
- ❖ ਗਦਰ ਪਾਰਟੀ ਤੇ ਨੋਟ ਲਿਖੋ।
- ❖ 19●9 ਈ: ਦੇ ਮਿੰਟੋ ਮਾਰਲੇ ਸੁਧਾਰ ਤੇ ਨੋਟ ਲਿਖੋ।
- ❖ ਹੋਮਰੂਲ ਅੰਦੋਲਨ ਤੇ ਨੋਟ ਲਿਖੋ।

## ਭਾਰਤੀ ਸੁਤੰਤਰਤਾ ਲਈ ਸੰਘਰਸ਼ (1919 ਈ:–1947 ਈ:)

- ਮਹਾਤਮਾ ਗਾਂਧੀ ਜੀ ਨੇ ਅਜ਼ਾਦੀ ਪ੍ਰਾਪਤ ਕਰਨ ਲਈ ਕਿਹੜੇ ਸਿਧਾਂਤ ਅਪਣਾਏ?
- ਰੋਲਟ ਐਕਟ ਤੇ ਸੰਖੇਪ ਨੋਟ ਲਿਖੋ।
- ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਤੇ ਸੰਖੇਪ ਨੋਟ ਲਿਖੋ।
- ਨਾ–ਮਿਲਵਰਤਨ ਅੰਦੋਲਨ ਤੇ ਸੰਖੇਪ ਨੋਟ ਲਿਖੋ।
- ਗੁਰਦੁਆਰਾ ਸੁਧਾਰ ਲਹਿਰ ਤੇ ਨੋਟ ਲਿਖੋ।
- ਸਿਵਲ ਨਾ ਫਰਮਾਨੀ ਅੰਦੋਲਨ ਤੇ ਨੋਟ ਲਿਖੋ।
- ਭਾਰਤ ਛੱਡੋ ਅੰਦੋਲਨ ਤੇ ਸੰਖੇਪ ਨੋਟ ਲਿਖੋ।
- ਕੈਬਿਨੇਟ ਮਿਸ਼ਨ ਤੇ ਸੰਖੇਪ ਨੋਟ ਲਿਖੋ।
- ਭਾਰਤੀ ਸੁਤੰਤਰਤਾ ਐਕਟ ਤੇ ਨੋਟ ਲਿਖੋ।

## ਸੁਤੰਤਰਤਾ ਤੋਂ ਬਾਅਦ ਦਾ ਭਾਰਤ

- ਸੰਵਿਧਾਨ ਦੇ ਨਿਰਮਾਣ ਤੇ ਨੋਟ ਲਿਖੋ।
- ਦੇਸੀ ਰਿਆਸਤਾਂ ਦੇ ਏਕੀਕਰਨ ਤੇ ਨੋਟ ਲਿਖੋ।
- ਭਾਰਤ ਦੀ ਵਿਦੇਸ਼ੀ ਨੀਤੀ ਤੇ ਨੋਟ ਲਿਖੋ।
- ਭਾਰਤ ਦੀ ਉੱਨਤੀ ਅਤੇ ਵਿਕਾਸ ਦੇ ਰਾਹ ਵਿੱਚ ਅਨਪੜ੍ਹਤਾ ਕਿਸ ਤਰ੍ਹਾਂ ਰੁਕਾਵਟ ਪਾਉਂਦੀ ਹੈ?
- ਭਾਰਤ ਦੀ ਉੱਨਤੀ ਅਤੇ ਵਿਕਾਸ ਦੇ ਰਾਹ ਵਿੱਚ ਵੱਧਦੀ ਆਬਾਦੀ ਕਿਸ ਤਰ੍ਹਾਂ ਰੁਕਾਵਟ ਪਾਉਂਦੀ ਹੈ?
- ਆਜ਼ਾਦੀ ਤੋਂ ਬਾਅਦ ਉਦਯੋਗਾਂ ਦੀ ਸਥਿਤੀ ਕਿਸ ਤਰ੍ਹਾਂ ਦੀ ਸੀ?
- ਭਾਰਤ ਤੇ ਪਾਕਿਸਤਾਨ ਦੇ ਆਪਸੀ ਸੰਬੰਧਾਂ ਤੇ ਨੋਟ ਲਿਖੋ।
- ਭਾਰਤ ਤੇ ਅਮਰੀਕਾ ਦੇ ਸੰਬੰਧਾਂ ਦੀ ਚਰਚਾ ਕਰੋ।

### 2●●–25● ਸ਼ਬਦਾਂ ਵਾਲੇ ਪ੍ਰਸ਼ਨ

## ਕਿੱਥੇ, ਕਦੋਂ ਅਤੇ ਕਿਵੇਂ

- ਭਾਰਤੀ ਇਤਿਹਾਸ ਦੇ ਆਧੁਨਿਕ ਕਾਲ ਤੇ ਇੱਕ ਝਾਤ ਸੰਬੰਧੀ ਵਰਨਣ ਕਰੋ।
- ਆਧੁਨਿਕ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤਾਂ ਦੀ ਚਰਚਾ ਕਰੋ।

## ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦੀ ਸਥਾਪਨਾ

- ❖ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਤੇ ਵਿਸਥਾਰ ਪੂਰਵਕ ਨੋਟ ਲਿਖੋ।
- ❖ ਐਂਗਲੋ ਫਰਾਂਸੀਸੀ ਸੰਘਰਸ਼ ਦਾ ਵਰਨਣ ਕਰੋ।
- ❖ ਲਾਰਡ ਵੈਲਜ਼ਲੀ ਦੇ ਸ਼ਾਸ਼ਨ ਕਾਲ ਸਮੇਂ ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਦਾ ਵਰਨਣ ਕਰੋ।

## ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਲ ਪ੍ਰਸ਼ਾਸਨ ਦਾ ਵਿਕਾਸ

- ❖ ਅੰਗਰੇਜ਼ੀ ਸਾਮਰਾਜ ਸਮੇਂ ਭਾਰਤ ਵਿੱਚ ਸਿਵਲ ਸਰਵਿਸ ਦੇ ਬਾਰੇ ਵਿੱਚ ਦੱਸੋ।
- ❖ ਅੰਗਰੇਜ਼ੀ ਸਾਮਰਾਜ ਸਮੇਂ ਭਾਰਤ ਵਿੱਚ ਸੈਨਿਕ, ਪੁਲਿਸ ਅਤੇ ਨਿਆਂ ਪ੍ਰਬੰਧ ਬਾਰੇ ਸੰਖੇਪ ਵਰਨਣ ਕਰੋ।
- ❖ ਅੰਗਰੇਜ਼ੀ ਸਰਕਾਰ ਦੁਆਰਾ ਭਾਰਤ ਵਿੱਚ ਕੀਤੇ ਗਏ ਸੰਵਿਧਾਨਿਕ ਪਰਿਵਰਤਨਾਂ ਦਾ ਸੰਖੇਪ ਵਰਨਣ ਕਰੋ।

## ਪੇਂਡੂ ਜੀਵਨ ਅਤੇ ਸਮਾਜ

- ❖ ਸਥਾਈ ਬੰਦੋਬਸਤ ਤੇ ਵਿਸਥਾਰਪੂਰਵਕ ਨੋਟ ਲਿਖੋ।
- ❖ ਕਿਸਾਨ ਵਿਦਰੋਹ ਦਾ ਵਿਸਥਾਰਪੂਰਵਕ ਵਰਨਣ ਕਰੋ।
- ❖ ਭਾਰਤ ਵਿੱਚ ਅੰਗਰੇਜ਼ੀ ਸ਼ਾਸਨ ਦੌਰਾਨ ਲਾਗੂ ਕੀਤੇ ਗਏ ਸਥਾਈ ਬੰਦੋਬਸਤ, ਰਈਅਤਵਾੜੀ ਪ੍ਰਬੰਧ ਤੇ ਮਹਿਲਾਵਾੜੀ ਪ੍ਰਬੰਧ ਬਾਰੇ ਸੰਖੇਪ ਵਰਨਣ ਕਰੋ।

## ਬਸਤੀਵਾਦ ਅਤੇ ਕਬਾਇਲੀ ਸਮਾਜ

- ❖ ਕਬਾਇਲੀ ਸਮਾਜ ਤੇ ਵਿਸਥਾਰਪੂਰਵਕ ਨੋਟ ਲਿਖੋ।
- ❖ ਕਬਾਇਲੀ ਲੋਕਾਂ ਦੇ ਵਿਦਰੋਹ ਬਾਰੇ ਵਿਸਥਾਰ ਪੂਰਵਕ ਨੋਟ ਲਿਖੋ।

## ਦਸਤਕਾਰੀ ਅਤੇ ਉਦਯੋਗ

- ❖ ਲਘੂ ਉਦਯੋਗਾਂ ਦੇ ਪਤਨ ਦੇ ਕੀ ਕਾਰਨ ਸਨ?
- ❖ ਆਧੁਨਿਕ ਭਾਰਤੀ ਉਦਯੋਗਾਂ ਬਾਰੇ ਵਿਸਥਾਰ ਪੂਰਵਕ ਨੋਟ ਲਿਖੋ।
- ❖ ਆਧੁਨਿਕ ਉਦਯੋਗਿਕ ਵਿਕਾਸ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਨੋਟ ਲਿਖੋ।

## 1857 ਈ: ਦਾ ਵਿਦਰੋਹ

- ❖ 1857 ਈ. ਦੇ ਵਿਦਰੋਹ ਦੇ ਕੀ ਕਾਰਨ ਸਨ?
- ❖ 1857 ਈ. ਦੇ ਵਿਦਰੋਹ ਦੀਆਂ ਮੁੱਖ ਘਟਨਾਵਾਂ ਕੀ ਸਨ?
- ❖ 1857 ਈ. ਦੇ ਵਿਦਰੋਹ ਦੇ ਕੀ ਨਤੀਜੇ ਨਿੱਕਲੇ ਸਨ?

## ਸਿੱਖਿਆ ਅਤੇ ਅੰਗਰੇਜ਼ੀ ਰਾਜ

- ਆਧੁਨਿਕ ਸਿੱਖਿਆ ਦੇ ਵਿਕਾਸ ਦੀ ਚਰਚਾ ਕਰੋ।
- ਸਿੱਖਿਆ ਦੇ ਵਿਕਾਸ ਵਿੱਚ ਸਮਾਜ ਸੁਧਾਰਕਾਂ ਨੇ ਕੀ ਭੂਮਿਕਾ ਨਿਭਾਈ?
- ਸਰ ਸੱਯਦ ਅਹਿਮਦ ਖਾਂ ਅਤੇ ਅਲੀਗੜ੍ਹ ਅੰਦੋਲਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਉ।

## ਇਸਤਰੀਆਂ ਅਤੇ ਸੁਧਾਰ

- ਇਸਤਰੀ ਜਾਤੀ ਦੇ ਸੁਧਾਰ ਕਰਨ ਲਈ ਅੰਦੋਲਨਾਂ ਦੀ ਲੋੜ ਕਿਉਂ ਪਈ?
- ਰਾਜਾ ਰਾਮ ਮੋਹਨ ਰਾਏ ਅਤੇ ਆਰੀਆ ਸਮਾਜ ਦੁਆਰਾ ਸਮਾਜ ਸੁਧਾਰਨ ਲਈ ਕੀ ਯਤਨ ਕੀਤੇ ਗਏ?
- ਨਿਰੰਕਾਰੀ ਅੰਦੋਲਨ ਤੇ ਸਿੰਘ ਸਭਾ ਅੰਦੋਲਨ ਬਾਰੇ ਵਿਸਥਾਰਪੂਰਵਕ ਨੋਟ ਲਿਖੋ।

## ਜਾਤੀ ਪ੍ਰਥਾ ਨੂੰ ਚੁਣੌਤੀ

- ਜੋਤਿਬਾ ਫੂਲੇ ਅਤੇ ਵੀਰ ਸਲਿੰਗਮ ਨੇ ਜਾਤੀ ਪ੍ਰਥਾ ਦੇ ਵਿਰੋਧ ਵਿੱਚ ਕੀ ਕਾਰਜ ਕੀਤੇ?
- ਡਾ. ਭੀਮ ਰਾਓ ਅੰਬੇਦਕਰ ਅਤੇ ਮਹਾਤਮਾ ਗਾਂਧੀ ਜੀ ਨੇ ਜਾਤੀ ਪ੍ਰਥਾ ਦੇ ਸੰਬੰਧ ਵਿੱਚ ਆਪਣਾ ਕੀ ਯੋਗਦਾਨ ਦਿੱਤਾ?
- ਭਾਰਤੀ ਸਮਾਜ ਸੁਧਾਰਕਾਂ ਦੁਆਰਾ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੀਆਂ ਸਰਗਰਮੀਆਂ ਦੇ ਕੀ ਪ੍ਰਭਾਵ ਪਏ?

## ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

- ਨਿਸ਼ਹਿਰੀਕਰਨ ਅਤੇ ਨਵੇਂ ਕਸਬਿਆਂ ਦੇ ਉੱਥਾਨ ਤੇ ਵਿਸਥਾਰਪੂਰਵਕ ਨੋਟ ਲਿਖੋ।
- ਅੰਗਰੇਜ਼ੀ ਰਾਜ ਸਮੇਂ ਕਲਕੱਤਾ ਸ਼ਹਿਰ ਦੀ ਮਹੱਤਤਾ ਦਾ ਵਰਨਣ ਕਰੋ।
- ਦਿੱਲੀ ਸ਼ਹਿਰ ਦਾ ਵਿਸਥਾਰ ਨਾਲ ਵਰਨਣ ਕਰੋ।

## ਕਲਾਵਾਂ: ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

- 19ਵੀਂ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਚਿੱਤਰਕਾਰੀ ਕਲਾ ਦੇ ਵਿਕਾਸ ਦਾ ਵਰਨਣ ਕਰੋ।
- 19ਵੀਂ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਪ੍ਰੈੱਸ ਦੇ ਵਿਕਾਸ ਦਾ ਵਰਨਣ ਕਰੋ।
- ਵਿਸ਼ਾ ਅਧਿਐਨ ਮੁੰਬਈ ਅਤੇ ਚੇਨੱਈ ਦਾ ਵਰਨਣ ਕਰੋ।

## **ਰਾਸ਼ਟਰੀ ਅੰਦੋਲਨ** (1885 ਈ:–1919 ਈ:)

- ❖ ਭਾਰਤੀ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਕੀ ਕਾਰਨ ਸਨ?
- ❖ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ, ਉਦੇਸ਼ ਤੇ ਪ੍ਰਮੁੱਖ ਮੰਗਾਂ ਤੇ ਚਰਚਾ ਕਰੋ।
- ❖ ਗਰਮ ਦਲ ਦੇ ਉਥਾਨ ਤੇ ਉਨ੍ਹਾਂ ਦੇ ਉਦੇਸ਼ਾਂ ਬਾਰੇ ਦੱਸੋ।
- ❖ ਮੁਸਲਿਮ ਲੀਗ ਦੀ ਸਥਾਪਨਾ ਤੇ ਉਸ ਦੇ ਉਦੇਸ਼ਾਂ ਦੀ ਚਰਚਾ ਕਰੋ।
- ❖ 1909 ਈ. ਦੇ ਮਿੰਟੋ ਮਾਰਲੇ ਸੁਧਾਰ ਐਕਟ ਅਤੇ ਗਦਰ ਪਾਰਟੀ ਦੇ ਅੰਦੋਲਨ ਬਾਰੇ ਵਰਨਣ ਕਰੋ।

## **ਭਾਰਤੀ ਸੁਤੰਤਰਤਾ ਲਈ ਸੰਘਰਸ਼** (1919 ਈ:–1947 ਈ:)

- ❖ ਮਹਾਤਮਾ ਗਾਂਧੀ ਯੁੱਗ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਮਹਾਤਮਾ ਗਾਂਧੀ ਜੀ ਦੇ ਨਾ–ਮਿਲਵਰਤਨ ਅੰਦੋਲਨ ਦਾ ਵਿਸਥਾਰ ਪੂਰਵਕ ਵਰਨਣ ਕਰੋ।
- ❖ ਕ੍ਰਾਂਤੀਕਾਰੀ ਅੰਦੋਲਨ ਦਾ ਵਰਨਣ ਕਰੋ।
- ❖ ਗੁਰਦੁਆਰਾ ਸੁਧਾਰ ਲਹਿਰ ਬਾਰੇ ਵਿਸਥਾਰ ਪੂਰਵਕ ਵਰਨਣ ਕਰੋ।

## **ਸੁਤੰਤਰਤਾ ਤੋਂ ਬਾਅਦ ਦਾ ਭਾਰਤ**

- ❖ 1947 ਈ. ਤੋਂ ਬਾਅਦ ਰਾਸ਼ਟਰੀ ਅਤੇ ਖੇਤਰੀ ਵਿਕਾਸ ਬਾਰੇ ਚਰਚਾ ਕਰੋ।
- ❖ ਭਾਰਤ ਦੀ ਵਿਦੇਸ਼ੀ ਨੀਤੀ ਬਾਰੇ ਚਰਚਾ ਕਰੋ।
- ❖ ਭਾਰਤ ਦੀਆਂ ਸਮਾਜਿਕ–ਆਰਥਿਕ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਨੋਟ ਲਿਖੋ।
- ❖ ਭਾਰਤ ਦੇ ਪਾਕਿਸਤਾਨ ਤੇ ਚੀਨ ਨਾਲ ਸੰਬੰਧਾਂ ਬਾਰੇ ਚਰਚਾ ਕਰੋ।

# ਭਾਗ (ੲ) – ਨਾਗਰਿਕ ਸ਼ਾਸਤਰ

## ਸੰਵਿਧਾਨ ਅਤੇ ਕਾਨੂੰਨ

2 ਅੰਕਾਂ ਵਾਲੇ ਪ੍ਰਸ਼ਨ

ਪ੍ਰਸ਼ਨ 1 ਸੰਵਿਧਾਨ ਕੀ ਹੁੰਦਾ ਹੈ?

ਪ੍ਰਸ਼ਨ 2 ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਵਿੱਚ ਕਿੰਨਾਂ ਸਮਾਂ ਲੱਗਾ ਅਤੇ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ?

ਪ੍ਰਸ਼ਨ 3 ਗਾਂਧੀ ਜੀ ਨੇ ਨਮਕ ਕਾਨੂੰਨ ਕਦੋਂ ਅਤੇ ਕਿੱਥੇ ਤੋੜਿਆ?

ਪ੍ਰਸ਼ਨ 4 ਭਾਰਤ ਦੇ ਪਹਿਲੇ ਰਾਸ਼ਟਰਪਤੀ ਕੌਣ ਸਨ ਅਤੇ ਵਰਤਮਾਨ ਰਾਸ਼ਟਰਪਤੀ ਦਾ ਨਾਂ ਦੱਸੋ?

ਪ੍ਰਸ਼ਨ 5 ਭਾਰਤੀ ਨਾਗਰਿਕਾਂ ਦੇ ਕੋਈ ਦੋ ਮੌਲਿਕ ਕਰੱਤਵ ਦੱਸੋ।

ਪ੍ਰਸ਼ਨ 6 ਕਿਹੜੀਆਂ ਤਿੰਨ ਰਾਜ ਸਰਕਾਰਾਂ ਨੇ ਸ਼ਰਾਬਬੰਦੀ ਕਾਨੂੰਨ ਲਾਗੂ ਕੀਤੇ?

ਪ੍ਰਸ਼ਨ 7 ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਕੌਣ ਸਨ? ਵਰਤਮਾਨ ਪ੍ਰਧਾਨ ਮੰਤਰੀ ਦਾ ਨਾਂ ਵੀ ਦੱਸੋ?

ਪ੍ਰਸ਼ਨ 8 ਭਰੂਣ ਹੱਤਿਆ ਦਾ ਮੂਲ ਕਾਰਨ ਕੀ ਹੈ?

ਪ੍ਰਸ਼ਨ 9 ਭਾਰਤ ਪਾਕਿਸਤਾਨ ਦੀ ਵੰਡ ਕਿਸ ਆਧਾਰ ਤੇ ਹੋਈ?

ਪ੍ਰਸ਼ਨ 1● ਦਾਜ ਰੋਕੂ ਕਾਨੂੰਨ ਕਦੋਂ ਤੇ ਕਿਉਂ ਬਣਾਇਆ ਗਿਆ?

ਪ੍ਰਸ਼ਨ 11 ਕਾਨੂੰਨ (Law) ਕਿਸ ਸ਼ਬਦ ਤੋਂ ਉਤਪੰਨ ਹੋਇਆ? ਇਸਦਾ ਸ਼ਬਦੀ ਅਰਥ ਕੀ ਹੈ?

ਪ੍ਰਸ਼ਨ 12 ਸਿਵਲ ਨਾ ਫੁਰਮਾਨੀ ਤੇ ਨਾਮਿਲਵਰਤਨ ਅੰਦੋਲਨ ਕਿਸਨੇ ਅਤੇ ਕਦੋਂ ਚਲਾਏ?

ਪ੍ਰਸ਼ਨ 13 ਸੰਵਿਧਾਨ ਦੀ ਮਸੌਦਾ ਕਮੇਟੀ ਅਤੇ ਸੰਵਿਧਾਨ ਸਭਾ ਦੇ ਮੁੱਖੀ ਕੌਣ ਕੌਣ ਸਨ?

## ਆਦਰਸ਼ਾਂ ਲਈ ਕਾਨੂੰਨ ਅਤੇ ਧਰਮ ਨਿਰਪੱਖਤਾ

ਪ੍ਰਸ਼ਨ 1 ਧਰਮ ਨਿਰਪੱਖਤਾ ਤੋਂ ਕੀ ਭਾਵ ਹੈ?

ਪ੍ਰਸ਼ਨ 2 ਕੀ ਪਾਕਿਸਤਾਨ ਧਰਮ ਨਿਰਪੱਖ ਰਾਜ ਹੈ? ਜੇ ਨਹੀਂ ਤਾਂ ਉੱਥੇ ਕਿਸ ਧਰਮ ਨੂੰ ਮਾਨਤਾ ਦਿੱਤੀ ਗਈ ਹੈ?

ਪ੍ਰਸ਼ਨ 3 ਭਾਰਤੀ ਸੰਵਿਧਾਨ ਦੇ ਦੋ ਆਦਰਸ਼ ਦੱਸੋ।

ਪ੍ਰਸ਼ਨ 4 ਭਾਰਤੀ ਨਾਗਰਿਕਾਂ ਨੂੰ ਕਿਹੜੇ ਕਿਹੜੇ ਖੇਤਰ ਵਿੱਚ ਨਿਆਂ ਦਿੱਤਾ ਗਿਆ ਹੈ?

ਪ੍ਰਸ਼ਨ 5 ਸਮਾਨਤਾ ਦਾ ਅਧਿਕਾਰ ਕਿਹੜੇ ਤੋਂ ਕਿਹੜੇ ਅਨੁਛੇਦ ਤੱਕ ਹੈ?

ਪ੍ਰਸ਼ਨ 6 ਕੀ ਭਾਰਤ ਵਿੱਚ ਸਭ ਲਈ ਇੱਕੋ ਜਿਹਾ ਕਾਨੂੰਨ ਹੈ? ਵਰਨਣ ਕਰੋ।

ਪ੍ਰਸ਼ਨ 7 ਭਾਈਚਾਰੇ ਤੋਂ ਕੀ ਭਾਵ ਹੈ?

ਪ੍ਰਸ਼ਨ 8 ਏਕਤਾ ਤੇ ਅਖੰਡਤਾ ਸ਼ਬਦ ਸੰਵਿਧਾਨ ਵਿੱਚ ਕਦੋਂ ਅਤੇ ਕਿਸ ਸੋਧ ਰਾਹੀਂ ਅੰਕਿਤ ਕੀਤੇ ਗਏ?

ਪ੍ਰਸ਼ਨ 9 ਕਾਨੂੰਨ ਸਾਹਮਣੇ ਸਾਰੇ ਭਾਰਤੀ ਬਰਾਬਰ ਹਨ। ਇਸ ਦਾ ਕੀ ਅਰਥ ਹੈ?

## ਮੁਢਲੇ ਅਧਿਕਾਰ ਤੇ ਮੁਢਲੇ ਕਰੱਤਵ

ਪ੍ਰਸ਼ਨ 1  ਅਧਿਕਾਰਾਂ ਤੋਂ ਕੀ ਭਾਵ ਹੈ?

ਪ੍ਰਸ਼ਨ 2 ਮੁਢਲੇ ਅਧਿਕਾਰ ਕੀ ਹਨ?

ਪ੍ਰਸ਼ਨ 3 ਸੰਵਿਧਾਨਕ ਉਪਚਾਰਾਂ ਦੇ ਅਧਿਕਾਰ ਦਾ ਕੀ ਭਾਵ ਹੈ?

ਪ੍ਰਸ਼ਨ 4 ਭਾਰਤੀ ਸੰਵਿਧਾਨ ਨੇ ਮੁਢਲੇ ਅਧਿਕਾਰ ਕਿਸ ਦੇਸ਼ ਤੋਂ ਲਏ? ਇਨ੍ਹਾਂ ਦੀ ਗਿਣਤੀ ਵੀ ਦੱਸੋ।

ਪ੍ਰਸ਼ਨ 5 ਛੂਤ ਛਾਤ ਦੀ ਸਮਾਪਤੀ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 6 ਭਾਰਤੀ ਨਾਗਰਿਕਾਂ ਦੀਆਂ ਕੋਈ ਦੋ ਸੁਤੰਤਰਤਾਵਾਂ ਲਿਖੋ।

ਪ੍ਰਸ਼ਨ 7 ਧਾਰਮਿਕ ਸੁਤੰਤਰਤਾ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 8 ਜੇਕਰ ਕਿਸੇ ਨਾਗਰਿਕ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੋਵੇ ਤਾਂ ਉਹ ਕਿਸਦੀ ਸ਼ਰਨ ਲੈ ਸਕਦਾ ਹੈ? ਅਤੇ ਇਹ ਕਿਹੜੇ ਅਧਿਕਾਰ ਰਾਹੀਂ ਸੰਭਵ ਹੈ?

ਪ੍ਰਸ਼ਨ 9 ਭਾਰਤੀ ਨਾਗਰਿਕਾਂ ਦੇ ਮੌਲਿਕ ਕਰੱਤਵ ਕਿੰਨੇਹਨ ਤੇ ਇਨ੍ਹਾਂ ਨੂੰ ਸੰਵਿਧਾਨ ਦੀ ਕਿਸ ਸੋਧ ਰਾਹੀਂ ਸੰਵਿਧਾਨ ਵਿੱਚ ਅੰਕਿਤ ਕੀਤਾ ਗਿਆ?

## ਸੰਸਦ

ਪ੍ਰਸ਼ਨ 1 ਭਾਰਤੀ ਵਿਧਾਨ ਪਾਲਿਕਾ ਦਾ ਉਪਰਲੇ ਅਤੇ ਹੇਠਲੇ ਸਦਨ ਦਾ ਨਾਂ ਲਿਖੋ।

ਪ੍ਰਸ਼ਨ 2 ਭਾਰਤੀ ਸੰਸਦ ਦੇ ਕਿੰਨੇ ਸਦਨ ਹਨ? ਨਾਂ ਲਿਖੋ।

ਪ੍ਰਸ਼ਨ 3 ਲੋਕ ਸਭਾ ਦੇ ਕੁੱਲ ਕਿੰਨੇ ਮੈਂਬਰ ਹਨ? ਤੇ ਰਾਸ਼ਟਰਪਤੀ ਦੁਆਰਾ ਕਿੰਨੇ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ?

ਪ੍ਰਸ਼ਨ 4 ਰਾਜ ਸਭਾ ਦੇ ਕੁੱਲ ਕਿੰਨੇ ਮੈਂਬਰ ਹਨ? ਤੇ ਰਾਸ਼ਟਰਪਤੀ ਦੁਆਰਾ ਕਿੰਨੇ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ।

ਪ੍ਰਸ਼ਨ 5 ਲੋਕ ਸਭਾ ਦਾ ਕਾਰਜਕਾਲ ਕਿੰਨਾ ਹੁੰਦਾ ਹੈ? ਕੀ ਇਸਨੂੰ ਸਮੇਂ ਤੋਂ ਪਹਿਲਾਂ ਭੰਗ ਕੀਤਾ ਜਾ ਸਕਦਾ ਹੈ?

ਪ੍ਰਸ਼ਨ 6 ਕੀ ਰਾਜਸਭਾ ਇੱਕ ਸਥਾਈ ਸਦਨ ਹੈ? ਇਸ ਦਾ ਕਾਰਜਕਾਲ ਦੱਸੋ।

ਪ੍ਰਸ਼ਨ 7 ਸਰਕਾਰ ਦੇ ਕਿੰਨੇ ਅੰਗ ਹੁੰਦੇ ਹਨ? ਨਾਂ ਦੱਸੋ।

ਪ੍ਰਸ਼ਨ 8 ਕਾਨੂੰਨ ਬਣਾਉਣ ਤੇ ਕਾਨੂੰਨ ਲਾਗੂ ਕਰਨ ਦੇ ਕੰਮ ਸਰਕਾਰ ਦੇ ਕਿਹੜੇ ਅੰਗਾਂ ਦੁਆਰਾ ਕੀਤੇ ਜਾਂਦੇ ਹਨ?

ਪ੍ਰਸ਼ਨ 9 ਭਾਰਤ ਵਿੱਚ ਨਾਂ ਮਾਤਰ ਦੀ ਕਾਰਜਪਾਲਿਕਾ ਤੇ ਅਸਲੀ ਕਾਰਜਪਾਲਿਕਾ ਕੌਣ ਹੈ?

ਪ੍ਰਸ਼ਨ 1● ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

ਪ੍ਰਸ਼ਨ 11 ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਿਸ ਦੀ ਮਰਜੀ ਅਨੁਸਾਰ ਕਰਦਾ ਹੈ? ਕੀ ਉਹ ਮਨਮਰਜੀ ਕਰ ਸਕਦਾ ਹੈ?

## ਨਿਆਂ ਪਾਲਿਕਾ ਦੀ ਕਾਰਜ ਵਿਧੀ

ਪ੍ਰਸ਼ਨ 1 ਭਾਰਤ ਦੀ ਨਿਆਂਪਾਲਿਕਾ ਕੀ ਕੰਮ ਕਰਦੀ ਹੈ?

ਪ੍ਰਸ਼ਨ 2 ਭਾਰਤ ਦੀ ਸਭ ਤੋਂ ਉੱਚੀ ਅਦਾਲਤ ਕਿਹੜੀ ਹੈ ਤੇ ਕਿੱਥੇ ਸਥਿਤ ਹੈ?

ਪ੍ਰਸ਼ਨ 3 ਸਰਵ ਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਜੱਜ ਕਿਸ ਉਮਰ ਤੱਕ ਆਪਣੇ ਅਹੁਦੇ ਤੇ ਕਾਇਮ ਰਹਿੰਦੇ ਹਨ?

ਪ੍ਰਸ਼ਨ 4 ਚੰਡੀਗੜ੍ਹ ਸਥਿਤ ਉੱਚ ਅਦਾਲਤ ਕਿਹੜੇ ਦੋ ਰਾਜਾਂ ਲਈ ਹੈ?

ਪ੍ਰਸ਼ਨ 5 ਐਫ.ਆਈ.ਆਰ. (F.I.R.) ਕੀ ਹੁੰਦੀ ਹੈ?

ਪ੍ਰਸ਼ਨ 6 ਫੌਜਦਾਰੀ ਮੁਕੱਦਮੇ ਕੀ ਹੁੰਦੇ ਹਨ?

ਪ੍ਰਸ਼ਨ 7 ਦੀਵਾਨੀ ਮੁਕੱਦਮੇ ਕੀ ਹੁੰਦੇ ਹਨ?

ਪ੍ਰਸ਼ਨ 8 ਸਰਕਾਰੀ ਵਕੀਲ ਕਿਸ ਨੂੰ ਆਖਦੇ ਹਨ?

ਪ੍ਰਸ਼ਨ 9 ਤੁਸੀਂ ਚੋਰੀ, ਦੁਰਘਟਨਾ ਜਾਂ ਹੱਤਿਆ ਦੀ ਸੂਚਨਾ ਸਭ ਤੋਂ ਪਹਿਲਾਂ ਕਿੱਥੇ ਦਿੰਦੇ ਹੋ? ਅਤੇ ਉਸ ਨੂੰ ਕੀ ਕਿਹਾ ਜਾਂਦਾ ਹੈ?

## ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

ਪ੍ਰਸ਼ਨ 1 ਸੀਮਾਂਤ ਗਰੁੱਪ ਤੋਂ ਕੀ ਭਾਵ ਹੈ?

ਪ੍ਰਸ਼ਨ 2 ਘੱਟ ਗਿਣਤੀ ਤੋਂ ਕੀ ਭਾਵ ਹੈ?

ਪ੍ਰਸ਼ਨ 3 ਸੰਪਰਦਾਇਕਤਾ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 4 ਸੰਪਰਦਾਇਕਤਾ ਦਾ ਦੇਸ਼ ਦੀ ਏਕਤਾ ਤੇ ਅਖੰਡਤਾ ਤੇ ਕੀ ਪ੍ਰਭਾਵ ਪੈਂਦਾ ਹੈ?

ਪ੍ਰਸ਼ਨ 5 ਜਾਤੀਵਾਦ ਦੇ ਖਾਤਮੇ ਲਈ ਸੰਵਿਧਾਨ ਵਿੱਚ ਕੀ ਪ੍ਰਬੰਧ ਕੀਤੇ ਗਏ ਹਨ?

ਪ੍ਰਸ਼ਨ 6 ਭਾਰਤੀ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ? ਅਤੇ ਸਾਡੇ ਦੇਸ਼ ਦੀ ਰਾਸ਼ਟਰੀ ਭਾਸ਼ਾ ਕਿਹੜੀ ਹੈ?

ਪ੍ਰਸ਼ਨ 7 ਰਾਖਵਾਂਕਰਣ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 8 ਭਾਰਤ ਵਿੱਚ ਰਾਜਾਂ ਦੀ ਵੰਡ ਕਿਸ ਆਧਾਰ ਤੇ ਕੀਤੀ ਗਈ ਹੈ? ਭਾਰਤ ਦੇ ਕੁੱਲ ਰਾਜਾਂ ਦੀ ਗਿਣਤੀ ਵੀ ਦੱਸੋ?

ਪ੍ਰਸ਼ਨ 9 ਅਨਪੜ੍ਹ ਵਿਅਕਤੀ ਚੰਗਾ ਨਾਗਰਿਕ ਕਿਉਂ ਨਹੀਂ ਬਣ ਸਕਦਾ?

## ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਅਤੇ ਇਨ੍ਹਾਂ ਦਾ ਪ੍ਰਭਾਵ

ਪ੍ਰਸ਼ਨ 1 ਸਮਾਜਿਕ ਅਸਮਾਨਤਾ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 2 ਜਨ ਉਪਯੋਗੀ ਸੇਵਾਵਾਂ ਕੀ ਹਨ?

ਪ੍ਰਸ਼ਨ 3 ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਕਰਨਾ ਚਾਹੀਦਾ ਹੈ?

ਪ੍ਰਸ਼ਨ 4 ਕੋਈ ਦੋ ਮਨੁੱਖੀ ਅਧਿਕਾਰ ਦੱਸੋ।

ਪ੍ਰਸ਼ਨ 5 ਮਨੁੱਖੀ ਅਧਿਕਾਰ ਆਯੋਗ ਦਾ ਗਠਨ ਕਦੋਂ ਹੋਇਆ? ਤੇ ਕਿਸ ਲਈ ਕੀਤਾ ਗਿਆ?

ਪ੍ਰਸ਼ਨ 6 ਅਨਪੜ੍ਹਤਾ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ?

ਪ੍ਰਸ਼ਨ 7 ਕੀ ਸਰਕਾਰਾਂ ਦੇ ਯਤਨ ਕਰਨ ਦੇ ਬਾਵਜੂਦ ਕੀ ਸਮਾਜਿਕ ਸਮਾਨਤਾ ਆਈ ਹੈ?

**4 ਅੰਕਾਂ ਵਾਲੇ ਪ੍ਰਸ਼ਨ**

## ਸੰਵਿਧਾਨ ਤੇ ਕਾਨੂੰਨ

ਪ੍ਰਸ਼ਨ 1 ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 2 ਕਾਨੂੰਨ ਤੋਂ ਤੁਹਾਡਾ ਕੀ ਭਾਵ ਹੈ? ਇਸਦਾ ਸ਼ਬਦੀ ਅਰਥ ਵੀ ਦੱਸੋ।

ਪ੍ਰਸ਼ਨ 3 ਨਾਗਰਿਕਾਂ ਦੇ 4 ਅਧਿਕਾਰਾਂ ਦਾ ਵਰਨਣ ਕਰੋ।

ਪ੍ਰਸ਼ਨ 4 ਭਰੂਣ ਹੱਤਿਆ ਦਾ ਦਹੇਜ ਪ੍ਰਥਾ ਨਾਲ ਕੀ ਸੰਬੰਧ ਹੈ?

ਪ੍ਰਸ਼ਨ 5 ਸ਼ਰਾਬਬੰਦੀ ਤੋਂ ਕੀ ਭਾਵ ਹੈ? ਤੇ ਇਸਨੂੰ ਕਿਉਂ ਲਾਗੂ ਕਰਨਾ ਚਾਹੀਦਾ ਹੈ?

ਪ੍ਰਸ਼ਨ 6 ਮਹਾਤਮਾ ਗਾਂਧੀ ਜੀ ਨੇ ਬ੍ਰਿਟਿਸ਼ ਕਾਨੂੰਨਾਂ ਦੀ ਉਲੰਘਣਾ ਕਿਉਂ ਕੀਤੀ?

## ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ਾਂ ਲਈ ਕਾਨੂੰਨ

ਪ੍ਰਸ਼ਨ 1 ਧਰਮ ਨਿਰਪੱਖਤਾ ਦੇ ਅਰਥ ਦੱਸੋ।

ਪ੍ਰਸ਼ਨ 2 ਭਾਰਤ ਪਾਕਿਸਤਾਨ ਦੀ ਵੰਡ ਕਦੋਂ ਹੋਈ? ਤੇ ਇਸਦਾ ਮੁੱਖ ਕਾਰਨ ਕੀ ਸੀ?

ਪ੍ਰਸ਼ਨ 3 ਨਿਆਂ ਤੋਂ ਕੀ ਭਾਵ ਹੈ? ਸੰਵਿਧਾਨ ਦੇ ਤੀਸਰੇ ਭਾਗ ਵਿੱਚ ਨਿਆਂ ਸੰਬੰਧੀ ਕੀ ਉਪਬੰਧ ਕੀਤੇ ਗਏ ਹਨ?

ਪ੍ਰਸ਼ਨ 4 ਸਮਾਨਤਾ ਲਾਗੂ ਕਰਨ ਲਈ ਸੰਵਿਧਾਨ ਵਿੱਚ ਕੀ ਕੀ ਵਿਵਸਥਾਵਾਂ ਕੀਤੀਆਂ ਗਈਆਂ ਹਨ?

ਪ੍ਰਸ਼ਨ 5 ਭਾਰਤ ਵਿੱਚ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਦੀ ਜਿਆਦਾ ਲੋੜ ਕਿਉਂ ਹੈ?

ਪ੍ਰਸ਼ਨ 6 ਨਿਆਂਪਾਲਿਕਾ ਨੂੰ ਸਰਵ ਉੱਚ ਅਤੇ ਨਿਰਪੱਖ ਕਿਉਂ ਬਣਾਇਆ ਗਿਆ ਹੈ?

## ਮੁੱਢਲੇ ਅਧਿਕਾਰ ਅਤੇ ਮੁਢਲੇ ਕਰੱਤਵ

ਪ੍ਰਸ਼ਨ 1 ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਨਾਗਰਿਕਾਂ ਦੇ 4 ਮੁਢਲੇ ਅਧਿਕਾਰ ਦੱਸੋ।

ਪ੍ਰਸ਼ਨ 2 ਸਮਾਨਤਾ ਦੇ ਅਧਿਕਾਰ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 3 ਮਨੁੱਖੀ ਅਧਿਕਾਰਾਂ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 4 ਅਧਿਕਾਰ ਅਤੇ ਕਰੱਤਵ ਇੱਕ ਸਿੱਕੇ ਦੇ ਦੋ ਪਾਸੇ ਕਿਵੇਂ ਹਨ?

ਪ੍ਰਸ਼ਨ 5 ਸੋਸ਼ਣ ਵਿਰੁੱਧ ਅਧਿਕਾਰ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 6 ਸੁਤੰਤਰਤਾ ਦੇ ਅਧਿਕਾਰ ਵਿੱਚ ਨਾਗਰਿਕਾਂ ਨੂੰ ਕਿਹੜੀ ਕਿਹੜੀ ਸੁਤੰਤਰਤਾ ਪ੍ਰਾਪਤ ਹੈ?

ਪ੍ਰਸ਼ਨ 7 ਸਿੱਖਿਆ ਦੇ ਅਧਿਕਾਰ ਤੋਂ ਤੁਹਾਡਾ ਕੀ ਭਾਵ ਹੈ? ਇਹ ਅਧਿਕਾਰ ਖਾਸ ਕਰਕੇ ਕਿਹੜੀ ਉਮਰ ਦੇ ਬੱਚਿਆਂ ਨਾਲ ਸੰਬੰਧਿਤ ਹੈ?

ਪ੍ਰਸ਼ਨ 8 ਕੀ ਭਾਰਤ ਵਿੱਚ ਹੁਣ ਵੀ ਛੂਤ ਛਾਤ ਦੀ ਸਮੱਸਿਆ ਹੈ? ਉਸਨੂੰ ਖਤਮ ਕਰਨ ਦੇ ਸੁਝਾਅ ਲਿਖੋ।

## ਸੰਸਦ- ਬਣਤਰ, ਭੂਮਿਕਾ ਵਿਸ਼ੇਸ਼ਤਾਵਾਂ

ਪ੍ਰਸ਼ਨ 1 ਸੰਸਦ ਦਾ ਸ਼ਬਦੀ ਅਰਥ ਦੱਸੋ।

ਪ੍ਰਸ਼ਨ 2 ਸੰਸਦੀ ਸ਼ਾਸਨ ਪ੍ਰਣਾਲੀ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ 3 ਸੰਸਦ ਦੇ ਦੋਨਾਂ ਸਦਨਾਂ ਦੇ ਨਾਂ ਲਿਖੋ। ਦੋਨਾਂ ਸਦਨਾਂ ਦੇ ਮੈਂਬਰਾਂ ਦੀ ਗਿਣਤੀ ਵੀ ਦੱਸੋ।

ਪ੍ਰਸ਼ਨ 4 ਸੰਸਦ ਦੀ ਕਾਨੂੰਨ ਬਣਾਉਣ ਦੀ ਵਿਧੀ ਦੱਸੋ।

ਪ੍ਰਸ਼ਨ 5 ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਦਾ ਵਰਣਨ ਕਰੋ।

ਪ੍ਰਸ਼ਨ 6 ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ ਦਾ ਵਰਨਣ ਕਰੋ।

ਪ੍ਰਸ਼ਨ 7 ਭਾਰਤ ਵਿੱਚ ਸੰਸਦ ਦੀ ਸਥਿਤੀ ਵਿੱਚ ਗਿਰਾਵਟ ਕਿਉਂ ਆ ਰਹੀ ਹੈ?

## ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ

ਪ੍ਰਸ਼ਨ 1 ਨਿਆਂਪਾਲਿਕਾ ਦਾ ਮਹੱਤਵ ਦੱਸੋ।

ਪ੍ਰਸ਼ਨ 2 ਸੰਵਿਧਾਨਕ ਅਪੀਲ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 3 ਐਫ.ਆਈ.ਆਰ. (F.I.R.) ਤੇ ਨੋਟ ਲਿਖੋ।

ਪ੍ਰਸ਼ਨ 4 ਜੱਜਾਂ ਦੀ ਨਿਯੁਕਤੀ ਕੌਣ ਕਰਦਾ ਹੈ? ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਦਾ ਕਾਰਜਕਾਲ ਵੀ ਦੱਸੋ।

ਪ੍ਰਸ਼ਨ 5 ਸਿਵਿਲ ਮੁਕੱਦਮੇ ਕੀ ਹੁੰਦੇ ਹਨ?

ਪ੍ਰਸ਼ਨ 6 ਫੌਜਦਾਰੀ ਮੁਕੱਦਮਿਆਂ ਤੇ ਨੋਟ ਲਿਖੋ।

ਪ੍ਰਸ਼ਨ 7 ਸਰਕਾਰੀ ਵਕੀਲ ਦੀ ਭੂਮਿਕਾ ਦੱਸੋ।

## ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

ਪ੍ਰਸ਼ਨ 1 ਭਾਰਤ ਵਿੱਚ ਸਮਾਜਿਕ ਅਸਮਾਨਤਾਵਾਂ ਦੀਆਂ ਕੋਈ ਦੋ ਕਿਸਮਾਂ ਦਾ ਵਰਨਣ ਕਰੋ।

ਪ੍ਰਸ਼ਨ 2 ਸੰਪਰਦਾਇਕਤਾ ਦੇ 4 ਪ੍ਰਭਾਵ ਲਿਖੋ।

ਪ੍ਰਸ਼ਨ 3 ਜਾਤੀਵਾਦ ਕਿਵੇਂ ਸਮਾਜਿਕ ਅਸਮਾਨਤਾ ਦਾ ਕਾਰਨ ਬਣਦਾ ਹੈ? ਵਰਨਣ ਕਰੋ।

ਪ੍ਰਸ਼ਨ 4 ਅਨਪੜ੍ਹਤਾ ਤੋਂ ਤੁਹਾਡਾ ਕੀ ਭਾਵ ਹੈ? ਇਸਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ?

ਪ੍ਰਸ਼ਨ 5 ਭਾਸ਼ਾਵਾਦ ਦੇ ਕੋਈ 4 ਪ੍ਰਭਾਵ ਲਿਖੋ।

ਪ੍ਰਸ਼ਨ 6 ਕੀ ਭਾਰਤ ਵਿੱਚ ਛੂਤ-ਛਾਤ ਦੇ ਖਾਤਮੇ ਲਈ ਕੋਈ ਪ੍ਰਬੰਧ ਕੀਤੇ ਗਏ ਹਨ? ਵਰਨਣ ਕਰੋ।

ਪ੍ਰਸ਼ਨ 7 ਛੂਤ-ਛਾਤ ਇੱਕ ਅਮਾਨਵੀ ਪ੍ਰਥਾ ਕਿਵੇਂ ਹੈ? ਸਪੱਸ਼ਟ ਕਰੋ।

## ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਤੇ ਇਨ੍ਹਾਂ ਦਾ ਪ੍ਰਭਾਵ

ਪ੍ਰਸ਼ਨ 1 ਭਾਰਤ ਵਿੱਚ ਸਮਾਜਿਕ ਅਸਮਾਨਤਾ ਖਤਮ ਕਰਨ ਲਈ ਸਰਕਾਰ ਨੇ ਕੀ ਯਤਨ ਕੀਤੇ ਹਨ?

ਪ੍ਰਸ਼ਨ 2 ਜਨ ਉਪਯੋਗੀ ਸੇਵਾਵਾਂ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 3 ਸਮਾਜਿਕ ਸੁਰੱਖਿਆ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 4 ਨਾਗਰਿਕਾਂ ਨੂੰ ਮੁਢਲੇ ਅਧਿਕਾਰ ਕਿਉਂ ਦਿੱਤੇ ਜਾਂਦੇ ਹਨ?

ਪ੍ਰਸ਼ਨ 5 ਮਨੁੱਖੀ ਅਧਿਕਾਰ ਆਯੋਗ ਅਧੀਨ ਕਿਹੜੇ ਕਿਹੜੇ ਮਨੁੱਖੀ ਅਧਿਕਾਰ ਸ਼ਾਮਿਲ ਹਨ?

ਪ੍ਰਸ਼ਨ 6 ਸੰਵਿਧਾਨ ਅਤੇ ਸਰਕਾਰ ਦੁਆਰਾ ਜੋ ਸਮਾਜਿਕ ਸਹੂਲਤਾਂ ਅਤੇ ਅਧਿਕਾਰ ਨਾਗਰਿਕਾਂ ਨੂੰ ਦਿੱਤੇ ਗਏ ਹਨ ਉਨ੍ਹਾਂ ਦਾ ਲੋਕਾਂ ਤੇ ਕੀ ਪ੍ਰਭਾਵ ਪਿਆ ਹੈ?